ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

ਸ਼ੁੱਕਰਵਾਰ, 20 ਅਗਸਤ 2021

Email : lokbani08@gmail.com

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ

☛ ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਿਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ
ਸੰਪਰਕ ਕਰੋ
9915594111
0181-2211009

R.N.I. Punpun/29016/2008 ✲ ਸਾਲ : 14 ✲ ਅੰਕ : 202 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਕਾਬੁਲ ਤੋਂ 7000 ਨਾਗਰਿਕਾਂ ਨੂੰ ਕੱਢਿਆ ਗਿਆ : ਪੈਂਟਾਗਨ

**ਵਾਸ਼ਿੰਗਟਨ/ਲੋਕ ਬਾਣੀ**

ਪੈਂਟਾਗਨ ਨੇ ਕਿਹਾ ਕਿ ਅਮਰੀਕੀ ਫੌਜ ਅਫਗਾਨਿਸਤਾਨ ਤੋਂ ਲੋਕਾਂ ਨੂੰ ਕੱਢਣ 'ਚ ਤੇਜੀ ਲਿਆ ਰਹੀ ਹੈ ਅਤੇ 14 ਅਗਸਤ ਤੋਂ ਹੁਣ ਤੱਕ 7000 ਨਾਗਿਰਕਾਂ ਨੂੰ ਦੇਸ਼ 'ਚੋਂ ਬਾਹਰ ਕੱਢਿਆ ਜਾ ਚੁੱਕਿਆ ਹੈ। ਫੌਜ ਦੇ ਮੇਜਰ ਜਨਰਲ ਹੈਂਕ ਟੇਲਰ ਨੇ ਪੱਤਰਕਾਰਾਂ ਨੂੰ ਕਿਹਾ ਕਿ ਪਿਛਲੇ 24 ਘੰਟਿਆਂ 'ਚ 12 ਸੀ-17 ਜਹਾਜ 2000 ਲੋਕਾਂ ਨੂੰ ਲੈ ਕੇ ਰਵਾਨਾ ਹੋਏ।



ਵੀਰਵਾਰ ਨੂੰ ਪੈਂਟਾਗਨ ਬ੍ਰੀਫਿੰਗ 'ਚ ਟੇਲਰ ਨੇ ਕਿਹਾ ਕਿ ਫੌਜ ਕੋਲ ਹੁਣ ਤੱਕ ਇਕ ਦਿਨ 'ਚ 5,000-9,000 ਲੋਕਾਂ ਨੂੰ ਬਾਹਰ ਕੱਢਣ ਲਈ ਲੋੜੀਂਦੇ ਜਹਾਜ ਹਨ, ਜੋ ਜਰੂਰਤ ਅਤੇ ਮੌਸਮ ਵਰਗੇ ਹੋਰ ਕਾਰਕ 'ਤੇ ਨਿਰਭਰ ਕਰਦਾ ਹੈ। ਹਵਾਈ ਅੱਡੇ 'ਤੇ ਹੁਣ ਲਗਭਗ 5200 ਅਮਰੀਕੀ ਫੌਜੀ ਹਨ। ਇਹ ਗਿਣਤੀ ਹਾਲ ਦੇ ਦਿਨਾਂ 'ਚ ਲਗਾਤਾਰ ਵਧ ਰਹੀ ਹੈ। ਟੇਲਰ ਦੀ ਟਿੱਪਣੀ ਕਾਬੁਲ ਹਵਾਈ ਅੱਡੇ 'ਤੇ ਜਾਰੀ ਹਫੜਾ-ਦਫੜੀ ਦਰਮਿਆਨ ਆਈ ਕਿਉਂਕਿ ਐਤਵਾਰ ਨੂੰ ਤਾਲਿਬਾਨ ਦੇ ਕਬਜੇ ਦੇ ਮੱਦੇਨਜਰ ਅਫਗਾਨ ਅਤੇ ਹੋਰ ਨਾਗਰਿਕ ਅਫੜਾ-ਦਫੜੀ ਦੇ ਮਾਹੌਲ 'ਚ ਦੇਸ਼ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਪੈਂਟਾਗਨ ਦੇ ਪ੍ਰੈੱਸ ਸਕੱਤਰ ਜਾਨ ਕਿਰਬੀ ਨੇ ਕਿਹਾ ਕਿ ਅਮਰੀਕੀ ਕਰਮਚਾਰੀਆਂ ਵਿਰੁੱਧ ਤਾਲਿਬਾਨ ਨੇ ਕੋਈ ਹਿੰਸਾ ਨਹੀਂ ਕੀਤੀ ਹੈ। ਅਫਗਾਨਾਂ ਵਿਰੁੱਧ ਤਾਲਿਬਾਨ ਦੀ ਹਿੰਸਾ ਦੀਆਂ ਵਿਆਪਕ ਰਿਪੋਰਟਾਂ ਮਿਲੀਆਂ ਹਨ, ਜਿਸ 'ਚ ਉਨ੍ਹਾਂ ਨੂੰ ਹਵਾਈ ਅੱਡੇ ਤੱਕ ਜਾਣ ਤੋਂ ਰੋਕਣ ਦੀ ਕੋਸ਼ਿਸ਼ ਵੀ ਸ਼ਾਮਲ ਹੈ।

## ਪੱਛਮੀ ਬੰਗਾਲ ਵਿਚ ਚੋਣਾਂ ਦੌਰਾਨ ਹਿੰਸਾ ਮਾਮਲੇ 'ਚ ਹਾਈਕੋਰਟ ਹੋਈ ਸਖ਼ਤ

**ਨਵੀਂ ਦਿੱਲੀ/ਕਪੂਰ**



ਕਲਕੱਤਾ ਹਾਈ ਕੋਰਟ ਨੇ ਅੱਜ ਮਮਤਾ ਬੈਨਰਜੀ ਸਰਕਾਰ ਨੂੰ ਝਟਕਾ ਦਿੰਦਿਆਂ ਸੀਬੀਆਈ ਨੂੰ ਹੁਕਮ ਦਿੱਤੇ ਹਨ ਕਿ ਉਹ ਪੱਛਮੀ ਬੰਗਾਲ ਵਿਚ ਚੋਣਾਂ ਤੋਂ ਬਾਅਦ ਹੋਈ ਹਿੰਸਾ ਦੀ ਜਾਂਚ ਕਰੇ। ਇਸ ਤੋਂ ਇਲਾਵਾ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵਲੋਂ ਚੋਣਾਂ ਤੋਂ ਬਾਅਦ ਹੋਈਆਂ ਮਾਮੂਲੀ ਹਿੰਸਾ ਦੀਆਂ ਘਟਨਾਵਾਂ ਦੀ ਜਾਂਚ ਕੀਤੀ ਜਾਵੇਗੀ। ਇਸ ਤੋਂ ਬਾਅਦ ਸੀਬੀਆਈ ਤੇ ਸਿੱਟ ਵਲੋਂ ਆਪਣੀ ਰਿਪੋਰਟ ਹਾਈ ਕੋਰਟ ਨੂੰ ਛੇ ਹਫਤਿਆਂ ਅੰਦਰ ਸੌਂਪੀ ਜਾਵੇਗੀ। ਤ੍ਰਿਣਮੂਲ ਕਾਂਗਰਸ ਵਰਕਰਾਂ 'ਤੇ ਦੋਸ਼ ਲੱਗੇ ਸਨ ਕਿ ਦੋ ਮਈ ਨੂੰ ਚੋਣ ਨਤੀਜਿਆਂ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਵਰਕਰਾਂ ਵਲੋਂ ਭਾਜਪਾ ਵਰਕਰਾਂ ਨਾਲ ਜਿਆਦਤੀ ਕੀਤੀ ਗਈ।

## ਜਿਲ੍ਹਾ ਰੂਪਨਗਰ 'ਚ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਕਿਸਾਨਾਂ ਨੇ ਕੀਤਾ ਵਿਰੋਧ

**ਰੂਪਨਗਰ/ਲੋਕ ਬਾਣੀ :** ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਨੂੰ ਲੈ ਕੇ ਜਿੱਥੇ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦਾ ਵਿਰੋਧ ਕੀਤਾ ਜਾ ਰਿਹਾ ਹੈ, ਉੱਥੇ ਹੀ ਹੁਣ ਪੰਜਾਬ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਲੀਡਰਾਂ ਦਾ ਵਿਰੋਧ ਲਗਾਤਾਰ ਜਾਰੀ ਹੈ। ਅਜਿਹਾ ਹੀ ਵਿਰੋਧ ਦੇਖਣ ਨੂੰ ਮਿਲਿਆ ਸ੍ਰੀ ਚਮਕੌਰ ਸਾਹਿਬ ਦੇ ਨਜ਼ਦੀਕ ਪੈਂਦੇ ਪਿੰਡ ਅਮਰਾਲੀ ਵਿਖੇ, ਜਿਥੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਪਿੰਡ ਪਹੁੰਚਣ 'ਤੇ ਪਿੰਡ ਵਾਸੀਆਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਸਰਕਾਰ ਖਿਲਾਫ ਡਟ ਕੇ ਨਾਅਰੇਬਾਜੀ ਕੀਤੀ ਗਈ। ਦਰਅਸਲ, ਚੰਨੀ ਪਿੰਡ ਅਮਰਾਲੀ 'ਚ ਹੋਈਆਂ ਮੌਤਾਂ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਨਾਲ ਅਫਸੋਸ ਪ੍ਰਗਟ ਕਰਨ ਪਹੁੰਚੇ ਸਨ। ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਚਰਨਜੀਤ ਸਿੰਘ ਚੰਨੀ ਦਾ ਵਿਰੋਧ ਕਰਨ ਵਾਲੇ ਕਿਸਾਨਾਂ ਅਤੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜਿਸ ਦਿਨ ਤੋਂ ਕਿਸਾਨੀ ਅੰਦੋਲਨ ਸ਼ੁਰੂ ਹੋਇਆ ਹੈ, ਇਹ ਸਿਆਸੀ ਲੀਡਰ ਕਿਸਾਨਾਂ ਦੇ ਨਾਲ ਨਹੀਂ ਖੜ੍ਹੇ, ਅਸੀਂ ਵੀ ਇਨ੍ਹਾਂ ਦੇ ਨਾਲ ਨਹੀਂ ਖੜ੍ਹਾਂਗੇ।


## ਸ਼ੀਆ ਭਾਈਚਾਰੇ ਦੇ ਪ੍ਰੋਗਰਾਮ ਦੌਰਾਨ ਧਮਾਕਾ, 3 ਮਰੇ 50 ਜਖਮੀ

**ਮੁਲਤਾਨ/ਲੋਕ ਬਾਣੀ**



ਇਥੇ ਸ਼ੀਆ ਭਾਈਚਾਰੇ ਵੱਲੋਂ ਕੱਢੇ ਜਾ ਰਹੇ ਜਲੂਸ ਦੌਰਾਨ ਸੜਕ ਕਿਨਾਰੇ ਬੰਬ ਧਮਾਕਾ ਹੋਇਆ ਜਿਸ ਕਾਰਨ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ 50 ਜਖਮੀ ਹੋ ਗਏ। ਇਹ ਧਮਾਕਾ ਪੂਰਬੀ ਪੰਜਾਬ ਸੂਬੇ ਦੇ ਬਹਾਵਲਨਗਰ ਵਿੱਚ ਹੋਇਆ। ਪ੍ਰਸ਼ਾਸਨ ਨੇ ਇਥੇ ਸ਼ੀਆ ਭਾਈਚਾਰੇ ਦੇ ਹੋਣ ਵਾਲੇ ਸਮਾਗਮ ਤੋਂ ਪਹਿਲਾਂ ਮੋਬਾਈਲ ਸੇਵਾਵਾਂ ਠੱਪ ਕੀਤੀਆਂ ਹੋਈਆਂ ਹਨ।

## ਪੰਜਾਬ ਪੁਲਿਸ ਦੇ ਸਾਬਕਾ ਮੁੱਖੀ ਨੂੰ ਵਿਜੀਲੈਂਸ ਨੇ ਫੜਿਆ ਤੇ ਕੋਰਟ ਨੇ ਛੱਡਿਆ



**ਚੰਡੀਗੜ੍ਹ/ਵਿਨੋਦ ਸ਼ਰਮਾ :** ਗ੍ਰਿਫਤਾਰ ਕੀਤੇ ਗਏ ਸਾਬਕਾ ਡੀਜੀਪੀ ਪੰਜਾਬ ਸੁਮੇਧ ਸਿੰਘ ਸੈਣੀ ਨੂੰ ਹਾਈਕੋਰਟ ਨੇ ਵੱਡੀ ਰਾਹਤ ਦਿੰਦਿਆਂ, ਤੁਰੰਤ ਵਿਜੀਲੈਂਸ ਨੂੰ ਇਹ ਆਦੇਸ਼ ਜਾਰੀ ਕੀਤੇ ਕਿ ਸੁਮੇਧ ਸੈਣੀ ਨੂੰ ਛੱਡਿਆ ਜਾਵੇ, ਇਸ ਸਬੰਧੀ ਹਾਈ ਕੋਰਟ ਨੇ ਆਦੇਸ਼ ਵੀ ਜਾਰੀ ਕਰ ਦਿੱਤੇ ਹਨ। ਜਾਣਕਾਰੀ ਲਈ ਦੱਸ ਦਈਏ ਕਿ ਪਹਿਲਾਂ ਵੀ ਸੈਣੀ ਨੂੰ ਗ੍ਰਿਫ਼ਤਾਰ ਕਰਨ ਦੇ ਵਾਸਤੇ ਪੰਜਾਬ ਪੁਲਸ ਤੋਂ ਇਲਾਵਾ ਵਿਜੀਲੈਂਸ ਨੇ ਸੈਣੀ ਦੇ ਘਰ ਤੇ ਛਾਪੇਮਾਰੀ ਕੀਤੀ ਜਾਂਦੀ ਰਹੀ ਹੈ। ਪਰ ਸੈਣੀ ਪੁਲਸ ਜਾਂ ਫਿਰ ਵਿਜੀਲੈਂਸ ਦੇ ਹੱਥੇ ਨਹੀਂ ਚੜ੍ਹਦੇ। ਕੱਲ੍ਹ ਸੁਮੇਧ ਸਿੰਘ ਸੈਣੀ ਵਿਜੀਲੈਂਸ ਦੇ ਹੱਥੇ ਚੜ੍ਹ ਗਏ, ਪਰ ਅੱਜ ਹਾਈ ਕੋਰਟ ਨੇ ਉਨ੍ਹਾਂ ਨੂੰ ਰਾਹਤ ਦੇ ਦਿੱਤੀ। ਦੱਸਣਾ ਬਣਦਾ ਹੈ ਕਿ ਅੱਜ ਵੀਰਵਾਰ ਸਵੇਰ ਤੋਂ ਹੀ ਸੁਮੇਧ ਸਿੰਘ ਸੈਣੀ ਦੀਆਂ ਜੇਲ੍ਹ ਅੰਦਰ ਬੰਦ ਦੀਆਂ ਕੁਝ ਤਸਵੀਰਾਂ ਵੀ ਸਾਹਮਣੇ ਆਈਆਂ ਸਨ, ਜਿਨ੍ਹਾਂ ਨੂੰ ਵੱਖ ਵੱਖ ਮੀਡੀਆ ਅਦਾਰਿਆਂ ਦੇ ਵੱਲੋਂ ਚਲਾਇਆ ਗਿਆ ਸੀ। ਜਾਣਕਾਰੀ ਦੇ ਮੁਤਾਬਕ ਬੀਤੇ ਕੱਲ੍ਹ ਸੁਮੇਧ ਸੈਣੀ ਨੂੰ ਵਿਜੀਲੈਂਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਸੈਣੀ ਇਕ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਵਿਜੀਲੈਂਸ ਸਾਹਮਣੇ ਪੇਸ਼ ਹੋਣ ਗਏ ਸਨ, ਜਿਥੇ ਵਿਜੀਲੈਂਸ ਵਲੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਭ੍ਰਿਸ਼ਟਾਚਾਰ ਦਾ ਮਾਮਲਾ ਮੋਹਾਲੀ ਵਿਖੇ ਦਰਜ ਹੋਇਆ ਸੀ, ਜਿਸ ਦੇ ਚਲਦਿਆਂ ਸੈਣੀ ਦੀ ਵਿਜੀਲੈਂਸ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਸੀ।

## ਭੁੱਲਥ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜਾਨਾ ਲੋਕ ਬਾਣੀ ਅਖਬਾਰ ਵੱਲੋਂ ਸਵਰਨ ਸਿੰਘ ਨੂੰ ਭੁੱਲਥ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ। ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

9592694215

## ਹੁਣ ਟਰੈਫਿਕ ਨਿਯਮਾਂ ਨੂੰ ਤੋੜਨ ਵਾਲਿਆਂ ਦੀ ਖੈਰ ਨਹੀਂ



**ਨਵੀਂ ਦਿੱਲੀ/ਕਪੂਰ**

ਕੇਂਦਰੀ ਹਾਈਵੇਅ ਮੰਤਰਾਲੇ ਨੇ ਰਾਜਾਂ ਵਿਚ ਟਰੈਫਿਕ ਪ੍ਰਬੰਧਨ ਏਜੰਸੀਆਂ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਕਿਹਾ ਹੈ ਕਿ ਟਰੈਫਿਕ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਚਾਲਕਾਂ ਨੂੰ 15 ਦਿਨਾਂ ਅੰਦਰ ਨੋਟਿਸ ਭੇਜੇ ਜਾਣ ਤੇ ਇਸ ਸਬੰਧੀ ਇਲੈਕਟਰਾਨਿਕ ਰਿਕਾਰਡ ਉਦੋਂ ਤਕ ਸਾਂਭ ਕੇ ਰੱਖਿਆ ਜਾਵੇ ਜਦ ਤਕ ਚਾਲਕਾਂ ਵਲੋਂ ਚਾਲਾਨਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ। ਕੇਂਦਰ ਨੇ ਮੋਟਰ ਵਹੀਕਲ ਐਕਟ ਵਿਚ ਸੋਧ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਚਾਲਾਨ ਜਾਰੀ ਕਰਨ ਵੇਲੇ ਇਲੈਕਟਰੋਨਿਕ ਉਪਕਰਣ ਵਰਤੇ ਜਾਣ।

ੴ ਵਾਹਿਗੁਰੂ ਜੀ ਕੀ ਫਤਹਿ ॥
www.sbdjlongowal.com
✆ 01672-280063 (O)
E-mail :sbds94@yahoo.com
Shaheed Bhai Diala Ji Public School
(SENIOR SECONDARY)
V. LONGOWAL (Opp. SLIET) Distt. Sangrur (Punjab)
(Affiliated to C.B.S.E. New Delhi, School Affiliation No. 1630197)



ਆਧੁਨਿਕ ਤਕਨੀਕ ਅਤੇ ਮਨੋਵਿਗਿਆਨਿਕ ਸਿੱਖਿਆ ਦੇ ਆਦਰਸ਼ਕ ਮਾਪਦੰਡਾਂ ਤੇ ਆਧਾਰਤ ਕੰਮ ਕਰ ਰਹੀ ਸਮੁੱਚੇ ਇਲਾਕੇ ਦੀ ਇੱਕੋ ਇੱਕ ਉੱਚ ਮਿਆਰੀ ਸੰਸਥਾ ਵੱਲੋਂ ਅਮਨ ਤੇ ਸ਼ਾਂਤੀ ਦੇ ਪੁੰਜ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਉਨ੍ਹਾਂ ਦੀ 37 ਵੀਂ ਬਰਸੀ ਦੇ ਮੌਕੇ ਤੇ ਨਮਨ ਸਹਿਤ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



ਲਾਸਾਨੀ ਸ਼ਹੀਦ ਭਾਈ ਦਿਆਲਾ ਜੀ
ਪ੍ਰਿੰ: ਨਰਪਿੰਦਰ ਸਿੰਘ ਢਿੱਲੋਂ, ਚੇ: ਮਹਿੰਦਰ ਸਿੰਘ ਦੁੱਲਟ

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅੱਜ ਦੀ ਹਲਕਾ ਧਰਮਕੋਟ ਦੀ ਬੰਟੀ ਰੋਮਾਣਾ ਦੀ ਮੀਟਿੰਗ ਧਾਰਨ ਕਰੇਗੀ ਵਿਸ਼ਾਲ ਰੈਲੀ ਦਾ ਰੂਪ

**ਮੋਗਾ/ਫਤਿਹਗੜ੍ਹ ਪੰਜਤੂਰ ਦਵਿੰਦਰ ਸਿੰਘ ਬਿੱਟੂ**



ਜਥੇਦਾਰ ਤੋਤਾ ਸਿੰਘ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਧਰਮਕੋਟ ਦੇ ਦਿਸ਼ਾ ਨਿਰਦੇਸ਼ ਤਹਿਤ ਸ੍ਰ ਬਰਜਿੰਦਰ ਸਿੰਘ ਮੱਖਣ ਬਰਾੜ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੀ ਅਗਵਾਈ ਹੇਠ 20 ਅਗਸਤ 2021 ਦਿਨ ਸ਼ੁੱਕਰਵਾਰ ਨੂੰ ਹਲਕਾ ਧਰਮਕੋਟ ਦੀ ਯੂਥ ਅਕਾਲੀ ਦਲ ਦੀ ਮੀਟਿੰਗ ਕੀਤੀ ਜਾ ਰਹੀ ਹੈ ਮੀਟਿੰਗ ਨੂੰ ਸੰਬੋਧਨ ਕਰਨ ਪਰਮਬੰਸ ਬੰਟੀ ਰੋਮਾਣਾ ਕੌਮੀ ਪ੍ਰਧਾਨ ਯੂਥ ਅਕਾਲੀ ਦਲ ਧਰਮਕੋਟ ਦੇ ਸਗਨ ਪੈਲਿਸ ਵਿਖੇ ਉਚੇਚੇ ਤੌਰ ‘ਤੇ ਪਹੁੰਚ ਰਹੇ ਹਨ।20 ਅਗਸਤ ਦੀ ਇਹ ਯੂਥ ਅਕਾਲੀ ਦਲ ਦੀ ਇਹ ਮੀਟਿੰਗ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰੇਗੀ।ਅਤੇ ਮੀਟਿੰਗ ਨੂੰ ਲੈ ਕੇ ਨੌਜਵਾਨਾਂ ਵਿੱਚ ਪੂਰਾ ਜੋਸ ਹੈ।ਹੈਪੀ ਭੁੱਲਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਸ ਮੀਟਿੰਗ ਨੂੰ ਲੈ ਕੇ ਆਪਣੇ ਸਰਕਲ ਦੇ ਅੱਲਗ-ਅੱਲਗ ਪਿੰਡਾ ਵਿੱਚ ਨੌਜਵਾਨਾਂ ਨੂੰ ਲਾਮਬੰਦ ਵੀ ਕੀਤਾ ਗਿਆ ਹੈ। ਅਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਵਲੋਂ ਇਸ ਮੀਟਿੰਗ ਵਿੱਚ ਭਾਗ ਲਿਆ ਜਾਵੇਗਾ। ਇਨਾਂ ਸਭ ਗੱਲਾਂ ਦਾ ਪ੍ਰਗਟਾਵਾ ਹੈਪੀ ਭੁੱਲਰ ਯੂਥ ਅਕਾਲੀ ਦਲ ਸਰਕਲ ਪ੍ਰਧਾਨ ਸਰਕਲ ਫਤਿਹਗੜ੍ਹ ਪੰਜਤੂਰ ਵਲੋਂ ਕੀਤਾ ਗਿਆ।

ਹੈਪੀ ਭੁੱਲਰ ਨੇ ਕਿਹਾ ਕਿ ਨੌਜਵਾਨ ਵਰਗ ਕੈਪਟਨ ਸਰਕਾਰ ਦੇ ਲਾਰਿਆਂ ਤੋਂ ਅੱਕ ਚੁੱਕਾ ਹੈ। ਅਤੇ ਨਾਲ ਇਸ ਵਾਰ ਨੌਜਵਾਨ ਵਰਗ ਕੈਪਟਨ ਦੀ ਤਰ੍ਹਾਂ ਕੇਜਰੀਵਾਲ ਦੇ ਝੂਠੇ ਲਾਰਿਆਂ ਵਿੱਚ ਨਹੀਂ ਆਉਣਾ ਚਾਹੁੰਦਾ ਹੈ।ਇਸ ਵਾਰ ਪੰਜਾਬ ਦਾ ਨੌਜਵਾਨ ਵਰਗ ਸ਼੍ਰੋਮਣੀ ਅਕਾਲੀ ਦਲ ਬਸਪਾ ਗੱਠਜੋੜ ਦੀ ਸਰਕਾਰ ਬਣਾਉਣ ਦਾ ਪੂਰਾ ਮਨ ਬਣਾ ਚੁੱਕਾ ਹੈ ਅਤੇ ਹਲਕਾ ਧਰਮਕੋਟ ਦਾ ਨੌਜਵਾਨ ਵਰਗ ਵੀ ਪੂਰੀ ਤਰ੍ਹਾਂ ਜਥੇਦਾਰ ਤੋਤਾ ਸਿੰਘ ਦੇ ਨਾਲ ਹੈ ਅਤੇ ਆਉਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਥੇਦਾਰ ਤੋਤਾ ਸਿੰਘ ਹਲਕਾ ਧਰਮਕੋਟ ਤੋਂ ਜਿੱਤ ਹਾਸਲ ਕਰਕੇ ਪੰਜਾਬ ਦੀ ਅਕਾਲੀ-ਬਸਪਾ ਸਰਕਾਰ ਵਿੱਚ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕਣਗੇ।

ਇਸ ਮੌਕੇ ਉਹਨਾਂ ਨਾਲ ਸਿਮਰਜੀਤ ਸਿੰਘ ਕਾਦਰ ਵਾਲਾ ਸਰਕਲ ਸੀਨੀਅਰ ਮੀਤ ਪ੍ਰਧਾਨ ਯੋਧਵੀਰ ਸਿੰਘ ਸੰਧੂ ਸਰਕਲ ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਕਾਦਰ ਵਾਲਾ ਤਰਸੇਮ ਸਿੰਘ ਜੰਗ ਬੇਅੰਤ ਸਿੰਘ ਭਿੰਡਰ ਹਰਮਨ ਸਰਾਂ ਵਿਕਰਮ ਲਿਲਹਾਦੀ ਲਾਲਜੀਤ ਮੁੰਡੀ ਜਮਾਲ ਸੁਖਦੇਵ ਸਿੰਘ ਮੇਲਕ ਕੰਗ ਅਤੇ ਹੋਰ ਵੱਡੀ ਗਿਣਤੀ ਵਿੱਚ ਯੂਥ ਅਕਾਲੀ ਆਗੂ ਮੌਜੂਦ ਰਹੇ ।

# ਸਿੱਖਿਆ ਮੰਤਰੀ ਨੂੰ ਆਂਗਣਵਾੜੀ ਮੁਲਾਜਮ ਯੂਨੀਅਨ ਪੰਜਾਬ ਸੀਟੂ ਨਾਲ ਮੀਟਿੰਗ ਨਾ ਕਰਕੇ ਕੋਝਾ ਮਜ਼ਾਕ ਪਏਗਾ ਬਹੁਤ ਭਾਰੀ : ਅਨੂਪ ਬਾਲਾ




**ਪਟਿਆਲਾ ਘਨੌਰ /ਸਰਦਾਰਾ ਸਿੰਘ ਲਾਛੜੂ**

ਹਲਕਾ ਘਨੌਰ ਵਿਖੇ ਅੱਜ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਸਿੱਖਿਆ ਮੰਤਰੀ ਸ੍ਰੀ ਵਿਜੈਇੰਦਰ ਸਿੰਗਲਾ ਦਾ ਪੁਤਲਾ ਸਾੜਿਆ ਗਿਆ ਇਸ ਮੌਕੇ ਬਲਾਕ ਪ੍ਰਧਾਨ ਅਮਰਜੀਤ ਲੋਚਮਾਂ ਅਤੇ ਅਨੂਪ ਵਾਲਾ ਜਨਰਲ ਸਕੱਤਰ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਬੀਤੇ ਦਿਨੀਂ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਵਿਸ਼ਵਾਸ ਦਿਵਾਇਆ ਸੀ ਕਿ 18 ਤਰੀਕ ਨੂੰ ਮੀਟਿੰਗ ਤੈਅ ਕੀਤੀ ਗਈ ਸੀ ਪਰ ਸਿੱਖਿਆ ਮੰਤਰੀ ਨੇ ਸਾਡੀ ਭੈਣਾਂ ਨਾਲ ਕੋਝਾ ਮਜ਼ਾਕ ਕੀਤਾ ਹੈ ਆਂਗਣਵਾੜੀ ਭੈਣਾਂ ਅਤੇ ਵਰਕਰਾਂ ਹੈਲਪਰਾਂ ਵਿਚ ਇਸ ਪ੍ਰਤੀ ਭਾਰੀ ਰੋਸ ਪ੍ਰਗਟਾਇਆ ਜਾ ਰਿਹਾ ਹੈ ਇਸ ਦਾ ਜਵਾਬ ਆਉਣ ਵਾਲੀ 2022 ਬਾਈ ਚ ਇਲੈਕਸ਼ਨਾਂ ਵਿਚ ਸਿੱਖਿਆ ਮੰਤਰੀ ਨੂੰ ਇਸ ਦਾ ਜਵਾਬ ਮਿਲੇਗਾ !ਅਤੇ ਆਂਗਨਵਾੜੀ ਵਰਕਰਾਂ ਨਾਲ ਮਤਰੇਈ ਮਾਂ ਵਾਂਗ ਕੀਤੇ ਜਾ ਰਹੇ ਸਲੂਕ ਉਨ੍ਹਾਂ ਨੂੰ ਬਹੁਤ ਮਹਿੰਗਾ ਪਵੇਗਾ ਇਸ ਦੇ ਪ੍ਰਤੀ ਆਂਗਣਵਾੜੀ ਭੈਣਾਂ ਵਿੱਚ ਰੋਸ ਪ੍ਰਗਟਾ ਕਰਦੇ ਹੋਏ ਹਲਕਾ ਘਨੌਰ ਵਿੱਚ ਅੱਜ ਪੁਤਲੇ ਸਾੜੇ ਗਏ ਹਨ ਜੇਕਰ ਸਿੱਖਿਆ ਮੰਤਰੀ ਨੇ ਜਲਦ ਤੋਂ ਜਲਦ ਸਾਡੀ ਆਂਗਣਵਾੜੀ ਭੈਣਾਂ ਨਾਲ ਮੀਟਿੰਗ ਨਾ ਕੀਤੀ ਤਾਂ ਇਸ ਦਾ ਹੋਰ ਵੀ ਖਮਿਆਜ਼ਾ ਝੱਲਣਾ ਪਵੇਗਾ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਰਨਲ ਸਕੱਤਰ ਅਨੂਪ ਬਾਲਾ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ

ਇਸ ਮੌਕੇ ਬਲਾਕ ਪ੍ਰਧਾਨ ਘਨੌਰ ਅਮਰਜੀਤ ਕੌਰ ਲੋਚਮਾਂ ,ਸੈਕਟਰੀ ਅਨੂਪ ਬਾਲਾ ਉਲਾਣਾ ,ਅਤੇ ਮੀਤ ਪ੍ਰਧਾਨ ਜਗਜੀਤ ਕੌਰ ,ਪਰਵਿੰਦਰ ਕੌਰ ਸਮੇਤ ਹੋਰ ਵੀ ਅਹੁਦੇਦਾਰ ਮੌਜੂਦ ਸਨ।

# ਪੰਜਾਬ ਵਿੱਚ ਇਸ ਵਾਰ ਬਣੇਗੀ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ : ਹਰਜਿੰਦਰ ਸਿੰਘ ਸੇਖੋਂ

**ਮੋਗਾ/ਗਗਨਦੀਪ**



ਸ਼੍ਰੋਮਣੀ ਅਕਾਲੀ ਦਲ ਜਿਲਾ ਮੋਗਾ ਦੇ ਸੀਨੀਅਰ ਅਕਾਲੀ ਆਗੂ ਜ਼ਿਲ੍ਹਾ ਮੋਗਾ ਦੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਸੇਖੋ ਰਣਸੀਂਹ ਕਲਾਂ ਵੱਲੋਂ ਪੱਤਰਕਾਰਾਂ ਨਾਲ ਕਰਦੇ ਹੋਏ ਕਿਹਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਉੱਤੇ ਭਰੋਸਾ ਕਰਦੇ ਹੋਏ ਜੋ ਬਾਦਲ ਸਾਬ ਦਾ ਨਾਅਰਾ ਹੈ ਜੋ ਕਿਹਾ ਸੋ ਕੀਤਾ ਜੋ ਕਹਾਂਗੇ ਸੋ ਕਰਾਂਗੇ ਨੂੰ ਵੇਖਦੇ ਹੋਏ ਜਲ੍ਹਿਾ ਮੋਗਾ ਦੇ ਵਿਧਾਨ ਸਭਾ ਦੇ ਚਾਰੇ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਾਬਾ ਬੋਹੜ ਜਥੇਦਾਰ ਤੋਤਾ ਸਿੰਘ ਜੀ ਦੇ ਮੋਗਾ ਜਿਲ੍ਹੇ ਦੇ ਵਿੱਚ ਕੀਤੇ ਕੰਮਾਂ ਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਦੀ ਕੈਪਟਨ ਸਰਕਾਰ ਤੋਂ ਲੋਕਾਂ ਨੇ ਦੁਖੀ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੇ ਕੀਤੇ ਕੰਮਾਂ ਨੂੰ ਯਾਦ ਕਰਦੇ ਹੋਏ 2022 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਤੇ ਅੱਡੀ ਚੋਟੀ ਦਾ ਜ਼ੋਰ ਲਾਉਣ ਲਈ ਤਿਆਰ ਬੈਠੇ ਹਨ ਇਸੇ ਤਹਿਤ ਹਲਕਾ ਨਿਹਾਲ ਸਿੰਘ ਵਾਲਾ ਤੋਂ ਹਲਕਾ ਇੰਚਾਰਜ ਸਰਦਾਰ ਭੁਪਿੰਦਰ ਸਿੰਘ ਸਾਹੋਕੇ ਦੀ ਅਗਵਾਈ ਵਿਚ ਧੜਾ ਧੜ ਲੋਕ ਆਮ ਆਦਮੀ ਅਤੇ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਮੋਗਾ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਹਲਕਾ ਨਿਹਾਲ ਸਿੰਘ ਵਾਲਾ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤ ਕੇ ਸਰਦਾਰ ਸੁਖਬੀਰ ਸਿੰਘ ਬਾਦਲ ਸਾਬ ਦੀ ਝੋਲੀ ਵਿੱਚ ਪਾਈ ਜਾਵੇਗੀ ਅਤੇ ਪਾਰਟੀ ਵੱਲੋਂ ਜਿਸ ਤਰ੍ਹਾਂ ਵੀ ਡਿਊਟੀਆਂ ਲਗਣਗੀਆਂ ਉਸ ਨੂੰ ਆਪਣੇ ਤਨ ਮਨ ਨਾਲ ਨਿਭਾਵਾਂਗੇ ਜਿਸ ਤਰ੍ਹਾਂ ਵੀ ਪਾਰਟੀ ਦਾ ਹੁਕਮ ਹੋਵੇਗਾ ਉਸ ਤਰ੍ਹਾਂ ਹੀ ਪਾਰਟੀ ਵੱਲੋਂ ਆਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਪਾਰਟੀ ਦਾ ਹੁਕਮ ਮੰਨਦੇ ਹੋਏ ਆਪਣੇ ਤਨ ਅਤੇ ਮਨ ਨਾਲ ਜਿਸ ਤਰ੍ਹਾਂ ਵੀ ਡਿਊਟੀਆਂ ਲਾਈਆਂ ਜਾਣਗੀਆਂ ਉਸ ਤਰ੍ਹਾਂ ਹੀ ਨਿਭਾਉਣ ਦੇ ਪਾਬੰਦ ਹੋਵਾਂਗੇ ।

# ਸਵ ਦੀਪਕ ਜਿੰਦਲ ਦੇ ਚਲਾਏ ਸਮਾਜ ਸੇਵੀ ਕਾਰਜਾਂ ਦੀ ਲੜੀ ਨੂੰ ਅੱਗੇ ਵਧਾ ਰਹੀ ਹੈ ਦੀਪਕ ਪਾਠਸਾਲਾ ਦੀ ਟੀਮ

**ਚੀਮਾ ਮੰਡੀ/ਵਰਮਾ**



ਗਾਮਾ ਡਾਇਗਨੋਸਿਟਕ ਸੁਨਾਮ ਦੇ ਮੁੱਖ ਸੰਸਥਾਪਕ (ਦੀਪਕ ਜਿੰਦਲ ਜੀ ) ਜੋ ਕਿ 15 ਅਪ੍ਰੈਲ 2018 ਨੂੰ ਇਕ ਸੜਕ ਹਾਦਸੇ ਵਿੱਚ ਸਾਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ ।ਜੋ ਕਿ ਇੱਕ ਚੰਗੇ ਉਗਯੋਗਪਤੀ ਨੇ ਨਾਲ-ਨਾਲ ਮਹਾਨ ਸਮਾਜ ਸੇਵਕ ਵੀ ਸਨ । ਛੋਟੀ ਉਮਰ ਵਿੱਚ ਬਹੁਤ ਵੱਡੀਆਂ ਕਾਢਾਂ ਕੱਢ ਕੇ ਉਨਾਂ ਨੇ ਸਮਾਜ ਦੇ ਵਿੱਚ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਮ ਰੋਸ਼ਨ ਕੀਤਾ ।ਦੀਪਕ ਜਿੰਦਲ ਜੀ ਗਰੀਬਾਂ ਦੀ ਮਦਦ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਸਨ ।ਉਨਾਂ ਦਾ ਇੱਕ ਅਧੂਰਾ ਸੁਪਨਾ ਜਿਸਨੂੰ ਸੁਨਾਮ ਵਿੱਚ ਚਲ ਰਹੀ ਦੀਪਕ ਪਾਠਸ਼ਾਲਾ ਪੂਰਾ ਕਰ ਰਹੀ ਹੈ । ਇਸ ਪਾਠਸ਼ਾਲਾ ਵਿੱਚ ਝੁੱਗੀ-ਝੌਂਪੜੀਆਂ ਵਿੱਚ ਪਲ ਰਹੇ ਗਰੀਬ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾਂਦੀ ਹੈ ਸਿਰਫ ਇਨਾਂ ਹੀ ਨਹੀਂ ਇਨਾਂ ਨੂੰ ਬੇਸਿਕ ਏਜੂਕੇਸ਼ਨ ਦੇਣ ਤੋਂ ਬਾਅਦ ਉਚੇਰੀ ਸਿੱਖਿਆ ਲਈ ਵੱਡੇ ਸਕੂਲਾਂ ਵਿੱਚ ਵੀ ਭੇਜਿਆ ਜਾਂਦਾ ਹੈ ।ਜਿਸਦਾ ਸਾਰਾ ਖਰਚ ਦੀਪਕ ਪਾਠਸਾਲਾ ਦੀ ਮੁੱਖ ਸੰਸਥਾਪਕ ਮੰਜੂ ਸਿੰਗਲਾ ਅਤੇ ਉਹਨਾਂ ਦੀ ਟੀਮ ਦੁਆਰਾ ਚੁੱਕਿਆ ਜਾਂਦਾ ਹੈ ।ਦੀਪਕ ਪਾਠਸ਼ਾਲਾ ਫਾਊਂਡੇਸ਼ਨ ਦਾ ਮੁੱਖ ਮਕਸਦ ਉਹਨਾਂ ਬੱਚਿਆਂ ਨੂੰ ਸੁਨਿਹਰੀ ਭਵਿੱਖ ਦਿਵਾਉਣਾ ਹੈ ਜੋ ਕਿ ਕਿਸੇ ਵੀ ਕਾਰਨਾਂ ਕਰਕੇ ਪੜ੍ਹਾਈ ਨਹੀਂ ਕਰ ਪਾਉਂਦੇ । ਦੀਪਕ ਪਾਠਸਾਲਾ ਦੀ ਸ਼ੁਰੂਆਤ ਅਗਸਤ 2018 ਵਿਚ ਮੰਜੂ ਸਿੰਗਲਾ ਵੱਲੋ ਕੀਤੀ ਗਈ ।ਇਹਨਾਂ ਨੇ 2 ਬੱਚਿਆਂ ਦੀ ਪੜ੍ਹਾਈ ਤੋਂ ਸ਼ੁਰੂ ਕਰਕੇ ਇਸ ਨੂੰ 50 ਬੱਚਿਆ ਦੀ ਇੱਕ ਵੱਡੀ ਸੰਸਥਾ ਵਿੱਚ ਤਬਦੀਲ ਕੀਤਾ । ਦੀਪਕ ਪਾਠਸ਼ਾਲਾ ਦੀ ਇੱਕ ਵੱਡੀ ਬਰਾਂਚ ਚੀਮਾਂ ਮੰਡੀ ਵਿਚ ਕੁਲਦੀਪ ਸ਼ਰਮਾਂ ਵੱਲੋਂ ਚਲਾਈ ਜਾ ਰਹੀ ਹੈ ।ਜੋ ਕਿ ਇਸ ਸੰਸਥਾ ਦੇ ਕੈਸ਼ਿਅਰ ਹਨ । ਇਸ ਤੋਂ ਇਲਾਵਾ ਇਸ ਸੰਸਥਾ ਵਿੱਚ ਬੱਚਿਆਂ ਨੂੰ ਪੜਾਈ ਦੇ ਨਾਲ-ਨਾਲ ਹੋਰ ਮੁੱਢਲੀਆਂ ਸਹਾਇਤਾ ਜਿਵੇਂ ਕਿ ਮੈਡੀਕਲ ਸੁਵਿਧਾਵਾਂ, ਥਾਵਾਂ. ਕਪੜੇ ਆਦਿ ਵੀ ਦਿੱਤੇ ਜਾਂਦੇ ਹਨ । ਗਾਮਾ ਡਾਈਗਨੋਸਟੀਕ ਅਤੇ ਦੀਪਕ ਪਾਠਸ਼ਾਲਾ ਫਾਊਂਡੇਸ਼ਨ ਦੀ ਪੂਰੀ ਟੀਮ ਗਰੀਬ ਅਤੇ ਲੋੜਬੰਦ ਪਰਿਵਾਰਾਂ ਲਈ ਹਰ-ਤਰੀਕੇ ਦੀ ਮਦਦ ਲਈ ਹਰ ਵੇਲੇ ਤਿਆਰ ਰਹਿੰਦੀ ਹੈ।

# ਤਿੰਨ ਰੋਜਾ ਫੁੱਟਬਾਲ ਟੂਰਨਾਮੈਂਟ ਓਲੰਪਿਕ ਸਟੇਡੀਅਮ ਵਿਖੇ 20 ਤੋਂ ਸ਼ੁਰੂ ਹੋਵੇਗਾ

## ■ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਕਮਿਸ਼ਨਰ ਸੰਗਰੂਰ ਕਰਨਗੇ- ਰਿਸ਼ੀਪਾਲ ਖੈਰਾ

**ਸੁਨਾਮ/ਵਰਮਾ**



ਜ਼ਿਲ੍ਹਾ ਫੁਟਬਾਲ ਐਸੋਸੀਏਸ਼ਨ ਸੰਗਰੂਰ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਰੁਪਿੰਦਰ ਭਾਰਦਵਾਜ ਦੀ ਅਗਵਾਈ ਵਿਚ ਹੋਈ।ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 20,21 ਅਤੇ 22 ਅਗਸਤ 2021 ਨੂੰ ਓਲੰਪਿਕ ਸਟੇਡੀਅਮ ਸੁਨਾਮ ਵਿਖੇ ਜ਼ਿਲ੍ਹਾ ਸੀਨੀਅਰ ਫੁਟਬਾਲ ਚੈਂਪੀਅਨਸ਼ਿਪ ਕਰਵਾਈ ਜਾਵੇਗੀ। ਰਿਸ਼ੀਪਾਲ ਖੈਰਾ ਜਨਰਲ ਸਕੱਤਰ ਜ਼ਿਲ੍ਹਾ ਫੁਟਬਾਲ ਐਸੋਸੀਏਸ਼ਨ ਨੇ ਕਿਹਾ ਕਿ ਇਸ ਫੁਟਬਾਲ ਟੂਰਨਾਮੈਂਟ ਵਿੱਚ ਜ਼ਿਲ੍ਹੇ ਦਾ ਕੋਈ ਵੀ ਰਜਿਸਟਰਡ ਫੁਟਬਾਲ ਕਲੱਬ ਭਾਗ ਲੈ ਸਕਦਾ ਹੈ। ਪਰ ਕਲੱਬ ਦਾ ਰਜਿਸਟਰਡ ਹੋਣਾ ਜਰੂਰੀ ਹੈ। ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਲਈ 19 ਅਗਸਤ 2021 ਸ਼ਾਮ 5 ਵਜੇ ਤੱਕ ਟੀਮ ਦੀ ਐਂਟਰੀ ਕਰਵਾਉਣੀ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਰਾਮਵੀਰ ਜੀ ਕਰਨਗੇ ਅਤੇ ਟੀਮਾਂ ਨੂੰ ਅਸ਼ੀਰਵਾਦ ਦੇਣਗੇ।ਇਸ ਮੌਕੇ ਅਨਿਰੁਧ ਵਸ਼ਿਸ਼ਟ ਸੀਨੀਅਰ ਮੀਤ ਪ੍ਰਧਾਨ, ਨਰੇਸ਼ ਸ਼ਰਮਾ ਕੈਸ਼ੀਅਰ, ਸੁਨੀਲ ਕੁਮਾਰ ਵਾਈਸ ਪ੍ਰਧਾਨ, ਓਮਕਾਰ ਸ਼ਰਮਾ, ਵਿਕਰਮ ਕੁਮਾਰ, ਕ੍ਰਿਸ਼ਨ ਕੁਮਾਰ ਸੋਨੀ, ਭਗਵਾਨ ਦਾਸ ਕਾਂਸਲ, ਪ੍ਰਦੀਪ ਕੁਮਾਰ ਹਾਜਰ ਸਨ।

# ਤਰਕਸ਼ੀਲ ਸੋਚ ਨੂੰ ਸਮਾਜ ਦੇ ਹਰ ਵਰਗ ਵਿੱਚ ਲੈਕੇ ਜਾਣ ਦੀ ਜਰੂਰਤ : ਗੁਰਮੀਤ ਖਰੜ



**ਖਰੜ/ਲੋਕ ਬਾਣੀ**

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਚੰਡੀਗੜ੍ਹ ਦਾ ਚੋਣ ਇਜਲਾਸ ਇਥੇ ਖਰੜ ਵਿਖੇ ਹੋਇਆ. ਜਿਸ ਵਿੱਚ ਜੋਨ ਅਧੀਨ ਪੈਂਦੀਆਂ ਸਾਰੀਆਂ ਇਕਾਈਆਂ ਗੋਬਿੰਦਗੜ, ਰੋਪੜ ,ਸਰਹਿੰਦ , ਬੱਸੀ ਪਠਾਣਾਂ,ਮੋਹਾਲੀ,ਖਰੜ ,ਚੰਡੀਗੜ੍ਹ ਤੋਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਡੈਲੀਗੇਟਾਂ ਨੇ ਭਾਗ ਲਿਆ. ਸਵੇਰ ਤੋਂ ਸ਼ਾਮ ਤੱਕ ਚੱਲੇ ਇਸ ਇਜਲਾਸ ਦੇ ਪਹਿਲੇ ਸੈਸ਼ਨ ਦਾ ਸਟੇਜ ਸੰਚਾਲਨ ਸਾਬਕਾ ਜੋਨ ਮੁਖੀ ਗਿਆਨ ਸਿੰਘ ਵਲੋਂ ਅਤੇ ਪ੍ਰਧਾਨਗੀ ਬਲਦੇਵ ਜਲਾਲ, ਸ਼ੈਲਿੰਦਰ ਸੁਹਾਲੀ ਅਤੇ ਸੂਬਾ ਆਗੂ ਅਜੀਤ ਪ੍ਰਦੇਸੀ ਵਲੋਂ ਕੀਤੀ ਗਈ ।ਇਜਲਾਸ ਦੀ ਸ਼ੁਰੂਆਤ ਜਰਨੈਲ ਕਰਾਂਤੀ ਦੇ ਸ਼ਬਦਾਂ ਨਾਲ ਕੀਤੀ ਗਈ,ਪਹਿਲੇ ਸੈਸ਼ਨ ਵਿੱਚ ਇਕਾਈ ਦੀ ਰਿਪੋਰਟਿੰਗ ਤਹਿਤ ਇਕਾਈ ਮੋਹਾਲੀ ਵਲੋਂ ਜਰਨੈਲ ਕਰਾਂਤੀ, ਚੰਡੀਗੜ੍ਹ ਵਲੋਂ ਜੋਗਾ ਸਿੰਘ, ਖਰੜ ਵਲੋਂ ਕੁਲਵਿੰਦਰ ਨਗਾਰੀ, ਰੋਪੜ ਵਲੋਂ ਇੰਜੀਨੀਅਰ ਅਸ਼ੋਕ,ਸਰਹੰਦ ਵਲੋਂ ਹਰਜੀਤ ਤਰਖਾਣਮਾਜਰਾ,ਬੱਸੀ ਪਠਾਨਾ ਵਲੋਂ ਠਾਕੁਰ ਸਿੰਘ ਅਤੇ ਗੋਬਿੰਦਗੜ ਵਲੋ ਗੁਰਮਿੰਦਰ ਖੰਨਾ ਆਦਿ ਨੇ ਆਪੋ ਆਪਣੀਆਂ ਇਕਾਈਆਂ ਦੀ ਰਿਪੋਰਟਿੰਗ ਕੀਤੀ. ਜੋਨ ਦੀ ਰਿਪੋਰਟਿੰਗ ਤਹਿਤ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਗਿਆਨ ਚੰਦ (ਜੱਥੇਬੰਦਕ ਵਿਭਾਗ) ,ਸੈਲਿੰਦਰ ਸੁਹਾਲੀ (ਵਿੱਤ ਵਿਭਾਗ), ਬਲਦੇਵ ਜਲਾਲ (ਮੀਡੀਆ ਵਿਭਾਗ) , ਜੋਗਾ ਸਿੰਘ (ਸੱਭਿਆਚਾਰ ਵਿਭਾਗ), ਜਰਨੈਲ ਕ੍ਰਾਂਤੀ (ਮਾਨਸਿਕ ਸੇਹਤ ਵਿਭਾਗ) ਵਲੋਂ ਰਿਪੋਰਟ ਪੇਸ਼ ਕੀਤੀ ਗਈ।

ਇਜਲਾਸ ਦੇ ਦੂਜੇ ਸੈਸ਼ਨ ਦਾ ਸਟੇਜ ਸੰਚਾਲਨ ਸੂਬਾ ਆਗੂ ਅਤੇ ਚੋਣ ਆਬਜਰਬਰ ਅਜੀਤ ਪ੍ਰਦੇਸੀ ਵਲੋਂ ਅਤੇ ਪ੍ਰਧਾਨਗੀ ਜੋਗਾ ਸਿੰਘ ,ਜਸਵੰਤ ਮੋਹਾਲੀ, ਗੁਰਮੀਤ ਖਰੜ , ਜਰਨੈਲ ਕਰਾਂਤੀ ਵਲੋਂ ਕੀਤੀ ਗਈ. ਇਸ ਸੈਸਨ ਦੀ ਸ਼ੁਰੂਆਤ ਜੋਗਾ ਸਿੰਘ ਦੇ ਗੀਤ ਨਾਲ ਕੀਤੀ ਗਈ।

ਇਸ ਤੋ ਬਾਅਦ ਸੈਸ਼ਨ 2021-22 ਲਈ ਜੋਨ ਚੰਡੀਗੜ੍ਹ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਇਸ ਤਹਿਤ ਪ੍ਰਿੰਸੀਪਲ ਗੁਰਮੀਤ ਖਰੜ ਨੂੰ ਜੱਥੇਬੰਦਕ ਮੁਖੀ, ਸ਼ੈਲਿਦਰ ਸੁਹਾਲੀ ਨੂੰ ਵਿੱਤ ਵਿਭਾਗ ਮੁਖੀ, ਡਾ. ਮਜੀਦ ਆਜਾਦ ਨੂੰ ਮੀਡੀਆ ਵਿਭਾਗ ਮੁਖੀ, ਬਲਦੇਵ ਜਲਾਲ ਨੂੰ ਸੱਭਿਆਚਾਰ ਵਿਭਾਗ ਮੁਖੀ, ਗੁਰਮਿੰਦਰ ਖੰਨਾ ਨੂੰ ਮਾਨਸਿਕ ਸੇਹਤ ਵਿਭਾਗ ਮੁਖੀ ਚੁਣਿਆ ਗਿਆ।

ਇਜਲਾਸ ਦੇ ਅੰਤ ਵਿੱਚ ਨਵੇਂ ਜੱਥੇਬੰਦਕ ਮੁਖੀ ਨੇ ਇਜਲਾਸ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸਾਨੂੰ ਨੌਜਵਾਨਾਂ, ਔਰਤਾਂ, ਨਿਮਨ ਵਰਗ ਵਿੱਚ ਆਪਣੇ ਕੰਮ ਨੂੰ ਵਧਾਉਣ ਦੀ ਜਰੂਰਤ ਹੈ. ਤਰਕਸ਼ੀਲ ਸੋਚ ਨੂੰ ਸਮਾਜ ਦੇ ਹਰ ਵਰਗ ਵਿੱਚ ਲੈਕੇ ਜਾਣ ਦੀ ਜਰੂਰਤ ਹੈ।

## ਆਰਟੀਫੀਸ਼ੀਅਲ ਇੰਟੈਲੀਜੈਨਸ ਐਂਡ ਡਾਟਾ ਸਾਇੰਸ ਦੇ ਕੋਰਸ ਲਈ ਲਗਾਏ ਰਜਿਸਟ੍ਰੇਸ਼ਨ ਕੈਂਪ-ਰਵਿੰਦਰਪਾਲ ਸਿੰਘ

**ਸੰਗਰੂਰ/ਵਰਮਾ**

ਘਰ-ਘਰ ਰੋਜ਼ਗਾਰ ਮਿਸ਼ਨ ਤਹਿਤ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਆਈ.ਆਈ.ਟੀ. ਰੋਪੜ ਨਾਲ ਤਾਲਮੇਲ ਕਰਕੇ ਯੋਗ ਪ੍ਰਾਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਨਸ ਐਂਡ ਡਾਟਾ ਸਾਇੰਸ ਦਾ ਮੁਫਤ ਕੋਰਸ ਕਰਵਾਇਆ ਜਾ ਰਿਹਾ ਹੈ, ਜਿਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਰਜਿਸਟ੍ਰੇਸ਼ਨ ਕੈਂਪ ਲਗਾਏ ਗਏ।

ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸ੍ਰੀ ਰਵਿੰਦਰਪਾਲ ਸਿੰਘ ਚਹਿਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ, ਸੰਗਰੂਰ ਸ਼੍ਰੀ ਰਾਮਵੀਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਸਰਕਾਰੀ ਰਣਬੀਰ ਕਾਲਜ, ਸੰਗਰੂਰ ਅਤੇ ਸ਼ਹੀਦ ਊਧਮ ਸਿੰਘ ਕਾਲਜ, ਸੁਨਾਮ ਵਿਖੇ ਆਰਟੀਫੀਸ਼ੀਅਲ ਇੰਟੈਲੀਜੈਨਸ ਐਂਡ ਡਾਟਾ ਸਾਇੰਸ ਦਾ ਕੋਰਸ ਕਰਵਾਉਣ ਲਈ ਰਜਿਸਟ੍ਰੇਸ਼ਨ ਕੈਂਪ ਲਗਾਏ ਗਏ। ਇਸ ਦੌਰਾਨ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ 45 ਅਤੇ ਸ਼ਹੀਦ ਊਧਮ ਸਿੰਘ ਕਾਲਜ, ਸੁਨਾਮ ਵਿਖੇ 65 ਯੋਗ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਕੋਰਸ ਵਿਚ ਦਾਖਲਾ ਲੈਣ ਲਈ ਯੋਗਤਾ ਗਣਿਤ ਵਿਸ਼ੇ ਨਾਲ ਘੱਟੋ-ਘੱਟ 12ਵੀਂ ਪਾਸ ਹੋਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਯੋਗ ਪ੍ਰਾਰਥੀਆਂ ਨੂੰ .. 'ਤੇ ਰਜਿਸਟ੍ਰੇਸ਼ਨ ਕਰਨ ਉਪਰੰਤ ਈਮੇਲ ਪ੍ਰਾਪਤ ਹੋਵੇਗੀ ਅਤੇ ਪ੍ਰਵੇਸ਼ ਪ੍ਰੀਖਿਆ ਤੋਂ ਪਹਿਲਾਂ ਪ੍ਰਾਰਥੀਆਂ ਨੂੰ ਰਜਿਸਟਰਡ ਈ-ਮੇਲ ਆਈ.ਡੀ 'ਤੇ ਏ-ਡੀ.ਐਸ.ਏ.ਟੀ. ਪ੍ਰਵੇਸ਼ ਪ੍ਰੀਖਿਆ ਦੇਣ ਲਈ ਲਿੰਕ ਪ੍ਰਾਪਤ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਰਜਿਸਟਰ ਹੋਏ ਪ੍ਰਾਰਥੀਆਂ ਨੂੰ ਏ-ਡੀ.ਐਸ.ਏ.ਟੀ.ਪ੍ਰਵੇਸ਼ ਪ੍ਰੀਖਿਆ ਦੇਣੀ ਜ਼ਰੂਰੀ ਹੈ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਾਂਧੀ ਵਨਿਤਾ ਆਸ਼ਰਮ ਜਲੰਧਰ ਦੀਆਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਇਕ ਹੋਰ ਉਪਰਾਲਾ



**ਜਲੰਧਰ/ਲੋਕ ਬਾਣੀ**

ਗਾਂਧੀ ਵਨਿਤਾ ਆਸ਼ਰਮ ਜਲੰਧਰ ਦੀਆਂ ਬੱਚੀਆਂ ਨੂੰ ਆਤਮ ਨਿਰਭਰ ਬਣਾਉਣ ਦੇ ਮੰਤਵ ਨਾਲ ਡਿਪਟੀ ਕਮਿਸ਼ਨਰ ਸ਼੍ਰੀ ਘਨਸ਼ਿਆਮ ਥੋਰੀ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਣ ਇਨ੍ਹਾਂ ਬੱਚੀਆਂ ਲਈ ਆਈ.ਸੀ.ਆਈ.ਸੀ.ਆਈ. ਫਾਊਂਡੇਸਨ ਦੇ ਸਹਿਯੋਗ ਨਾਲ ਬਿਊਟੀਸ਼ਨ ਮੈਨੇਜਮੈਂਟ ਕੋਰਸ ਅਧੀਨ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਜੀ.ਐਸ. ਰੰਧਾਵਾ ਨੇ ਦੱਸਿਆ ਕਿ ਇਸ ਕੋਰਸ ਦਾ ਮੁੱਖ ਉਦੇਸ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਕਿੱਤਾ ਮੁਖੀ ਸਿਖਲਾਈ ਦੇਣਾ ਹੈ ਤਾਂ ਜੋ ਇਨ੍ਹਾਂ ਨੂੰ ਕਿਸੇ 'ਤੇ ਨਿਰਭਰ ਨਾ ਹੋਣਾ ਪਵੇ।

ਉਨ੍ਹਾਂ ਅੱਗੇ ਦੱਸਿਆ ਕਿ ਇਸ 25 ਲੜਕੀਆਂ ਦੇ ਬੈਚ ਲਈ ਕੋਰਸ ਦੀ ਮਿਆਦ 30 ਦਿਨ ਹੈ ਅਤੇ ਪੇਸੇਵਰ ਸਟਾਫ ਵੱਲੋਂ ਲੜਕੀਆਂ ਨੂੰ ਇਸ ਕੋਰਸ ਤਹਿਤ ਸਿਖਲਾਈ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਲੜਕੀਆਂ ਨੂੰ ਨੋਟਸ ਬਣਾਉਣ ਲਈ ਸਟੇਸਨਰੀ ਮੁਹੱਈਆ ਕਰਵਾਈ ਹੈ ਅਤੇ ਸਮੁੱਚੇ ਬਿਊਟੀਸੀਅਨ ਉਤਪਾਦ ਵੀ ਮੁਹੱਈਆ ਕਰਵਾਏ ਜਾ ਰਹੇ ਹਨ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਅੱਗੇ ਦੱਸਿਆ ਕਿ ਕੋਰਸ ਮੁਕੰਮਲ ਹੋਣ ਤੋਂ ਬਾਅਦ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਨੈਸਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸਨ (ਐਨ.ਐਸ.ਡੀ.ਸੀ.) ਪਾਸੋਂ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ, ਜੋ ਕਿ ਸਰਕਾਰ ਵੱਲੋਂ ਪ੍ਰਵਾਨਤ ਹੈ। ਜ਼ਿਕਰਯੋਗ ਹੈ ਕਿ ਚਿਲਡਰਨ ਹੋਮ ਗਾਂਧੀ ਵਨਿਤਾ ਆਸ਼ਰਮ ਰਹਿ ਰਹੀਆਂ ਲੜਕੀਆਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਅਤੇ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਿਲਾਈ, ਆਰਟ ਐਂਡ ਕਰਾਫਟ, ਕੁਕਿੰਗ ਸਮੇਤ ਵੱਖ-ਵੱਖ ਵੋਕੇਸ਼ਨਲ ਕੋਰਸ ਕਰਵਾਏ ਜਾਂਦੇ ਹਨ ਤਾਂ ਜੋ ਇਨ੍ਹਾਂ ਲੜਕੀਆਂ ਨੂੰ ਆਪਣੇ ਜੀਵਨ ਨਿਰਵਾਹ ਲਈ ਕਿਸੇ 'ਤੇ ਨਿਰਭਰ ਨਾ ਹੋਣਾ ਪਵੇ।

## ਡਿਪਟੀ ਕਮਿਸ਼ਨਰ ਵੱਲੋਂ ਆਗਾਮੀ ਝੋਨੇ ਦੀ ਖਰੀਦ ਸੀਜ਼ਨ ਵਿੱਚ ਝੋਨੇ ਦਾ ਇੱਕ-ਇੱਕ ਦਾਣਾ ਮੰਡੀ ਵਿੱਚੋਂ ਚੁੱਕਣ ਲਈ ਜ਼ਿਲ੍ਹੇ ਦੀਆਂ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਦਿੱਤੇ ਨਿਰਦੇਸ਼

**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅਗਰਵਾਲ**



ਆਗਾਮੀ ਝੋਨੇ ਦੀ ਖਰੀਦ ਸੀਜ਼ਨ ਵਿੱਚ ਝੋਨੇ ਦਾ ਇੱਕ-ਇੱਕ ਦਾਣਾ ਮੰਡੀ ਵਿੱਚੋਂ ਚੁੱਕਣ ਦੀ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜ਼ਿਲ੍ਹੇ ਦੀਆਂ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਇਸ ਪ੍ਰਕਿਰਿਆ ਨੂੰ ਨਿਰਵਿਘਨ ਅਤੇ ਸੁਚਾਰੂ ਬਣਾਇਆ ਜਾਵੇ। ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਸਾਉਣੀ ਸੀਜ਼ਨ 2021-22 ਲਈ ਝੋਨੇ ਦੀ ਖਰੀਦ ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲਗਭਗ 2.47 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਕਾਸ਼ਤ ਕੀਤੀ ਗਈ ਹੈ ਅਤੇ 19 ਲੱਖ ਮੀਟਰਕ ਟਨ ਝੋਨਾ ਮੰਡੀਆਂ ਵਿੱਚ ਆਉਣ ਦੀ ਉਮੀਦ ਹੈ।

ਉਨ੍ਹਾਂ ਕਿਹਾ ਕਿ ਲੁਧਿਆਣਾ ਦੀਆਂ 107 ਨਿਯਮਤ ਅਨਾਜ ਮੰਡੀਆਂ ਤੋਂ ਇਲਾਵਾ, ਪ੍ਰਸ਼ਾਸ਼ਨ ਵੱਲੋਂ ਸੰਚਾਲਨ ਦੌਰਾਨ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਭੀੜ ਤੋਂ ਬਚਣ ਲਈ ਅਸਥਾਈ ਯਾਰਡ ਵੀ ਸਥਾਪਤ ਕੀਤੇ ਜਾਣਗੇ। ਸ੍ਰੀ ਸ਼ਰਮਾ ਨੇ ਸਾਰੇ ਮੁਖੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ 1 ਅਕਤੂਬਰ ਤੋਂ ਸ਼ੁਰੂ ਹੋ ਰਹੇ ਜ਼ਿਲੇ ਭਰ ਵਿੱਚ ਝੋਨੇ ਦੇ ਖਰੀਦ ਕਾਰਜਾਂ ਦੀ ਨਿਗਰਾਨੀ ਖੁਦ ਕਰਨ, ਤਾਂ ਜੋ ਖਰੀਦ ਦੇ ਉਨ੍ਹਾਂ ਦੇ ਨਿਰਧਾਰਤ ਹਿੱਸੇ ਦੇ ਅਨੁਸਾਰ ਝੋਨੇ ਦੀ ਤੁਰੰਤ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇੱਕ ਪਾਸੇ ਝੋਨੇ ਦੀ ਨਿਰਵਿਘਨ, ਸੁਚਾਰੂ ਅਤੇ ਤੇਜ਼ੀ ਨਾਲ ਖਰੀਦ ਨੂੰ ਯਕੀਨੀ ਬਣਾਉਣ ਅਤੇ ਦੂਜੇ ਪਾਸੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਮੇਂ ਸਿਰ ਭੁਗਤਾਨ ਕਰਨ ਵਿੱਚ ਸੁਵਿਧਾ ਪ੍ਰਦਾਨ ਕਰਨ ਦੇ ਸਾਰੇ ਯਤਨ ਕੀਤੇ ਜਾਣੇ ਚਾਹੀਦੇ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ ਜ਼ਿਲ੍ਹੇ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਉਨ੍ਹਾਂ ਦੀ ਉਪਜ ਦੀ ਵਿਕਰੀ ਲਈ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਉਪ ਮੰਡਲ ਮੈਜਿਸਟ੍ਰੇਟ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਅਨਾਜ ਮੰਡੀਆਂ ਵਿੱਚ ਨਿਰਵਿਘਨ ਖਰੀਦ ਕਾਰਜਾਂ ਲਈ ਜਵਾਬਦੇਹ ਹੋਣਗੇ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਮੰਡੀਆਂ ਵਿੱਚ ਮੀਂਹ ਤੋਂ ਪੈਦਾਵਾਰ ਨੂੰ ਬਚਾਉਣ ਅਤੇ ਸਫਾਈ ਦੇ ਢੁੱਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਇਸੇ ਤਰ੍ਹਾਂ, ਸ੍ਰੀ ਸ਼ਰਮਾ ਨੇ ਹਰੇਕ ਖਰੀਦ ਕੇਂਦਰ ਵਿੱਚ ਝੋਨੇ ਦੀ ਗੁਣਵੱਤਾ ਦੀ ਨਿਗਰਾਨੀ ਲਈ ਬਿਜਲੀ, ਕਿਸਾਨਾਂ ਲਈ ਸ਼ੈੱਡ, ਪੋਰਟੇਬਲ ਵਾਟਰ ਸਪਲਾਈ ਅਤੇ ਉਪਕਰਣਾਂ ਦੀ ਲੋੜੀਂਦੀ ਵਿਵਸਥਾ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਗੀਦ, ਬਾਰਦਾਨੇ, ਲੇਬਰ, ਨਮੀ ਦੀ ਮਾਤਰਾ ਅਤੇ ਹੋਰ ਮੁੱਦਿਆਂ 'ਤੇ ਅਧਿਕਾਰੀਆਂ ਨਾਲ ਵਿਸਤਾਰਪੂਰਵਕ ਗੱਲਬਾਤ ਦੌਰਾਨ ਡਿਪਟੀ ਕਮਿਸ਼ਨਰ ਨੂੰ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਲਗਭਗ 19 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਲਈ ਵਿਸਤ੍ਰਿਤ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਮਾਲ ਅਫਸਰ ਜੋਗਿੰਦਰ ਸਿੰਘ, ਜ਼ਿਲ੍ਹਾ ਖੁਰਾਕ, ਸਿਵਲ ਸਪਲਾਈ ਅਤੇ ਕੰਟਰੋਲਰ (ਡੀ.ਐਫ.ਐਸ.ਸੀ.) ਪੱਛਮੀ ਸੁਖਵਿੰਦਰ ਸਿੰਘ ਗਿੱਲ, ਡੀ.ਐਫ.ਐਸ.ਸੀ. ਪੂਰਬੀ ਹਰਵੀਨ ਕੌਰ, ਜ਼ਿਲ੍ਹਾ ਮੰਡੀ ਅਫਸਰ ਦਵਿੰਦਰ ਸਿੰਘ, ਡੀ.ਐਮ. ਐਫ.ਸੀ.ਆਈ. ਗੰਗੇਸ਼ਵਰ ਗੋਸਾਈਂ, ਡੀ.ਐਮ. ਵੇਅਰਹਾਊਸ ਐਮ.ਪੀ. ਸਿੰਘ, ਡੀਐਮ ਮਾਰਕਫੈਡ ਸੰਜੀਵ ਕੁਮਾਰ ਅਤੇ ਹੋਰ ਹਾਜ਼ਰ ਸਨ।

Website : www.lokbani.com
lokbani08@gmail.com




# ਸਟੇਟ ਦਾਖਲਾ ਪੋਰਟਲ ਹੋਵੇਗਾ ਵਿਦਿਆਰਥੀਆਂ ਲਈ ਵਰਦਾਨ ਸਾਬਤ : ਵਧੀਕ ਡਿਪਟੀ ਕਮਿਸ਼ਨਰ ਰਾਹੁਲ

## *ਵਿਦਿਆਰਥੀਆਂ ਨੂੰ ਇੱਕ ਹੀ ਪੋਰਟਲ ਤੇ ਸਾਰੇ ਸਰਕਾਰੀ ਕਾਲਜਾਂ ਬਾਰੇ ਮਿਲੇਗੀ ਜਾਣਕਾਰੀ*

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਪੰਜਾਬ ਸਰਕਾਰ ਦੁਆਰਾ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਦਾਖਲਾ ਲੈਣ ਲਈ ਪੂਰੇ ਸੂਬੇ ਦੇ ਕਾਲਜਾਂ ਲਈ ਇੱਕ ਸਾਂਝਾ ਸਟੇਟ ਐਡਮੀਸ਼ੀਨ ਦਾਖਲਾ ਪੋਰਟਲ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ ਕਿਉਕਿ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਵੱਖ ਵੱਖ ਕਾਲਜਾਂ ਵਿੱਚ ਜਾ ਕੇ ਪ੍ਰਾਸਪੈਕਟ ਨਹੀ ਖਰੀਦਣਾ ਪਵੇਗਾ।ਦਾਖਲੇ ਸਬੰਧੀ ਸਾਰੀ ਜਾਣਕਾਰੀ ਇਸ ਪੋਰਟਲ ਤੇ ਹੀ ਉਪਲੱਭਧ ਹੋਵੇਗੀ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਰਾਹੁਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਪੰਜਾਬ ਵੱਲੋਂ ਸਟੇਟ ਦਾਖਲਾ ਪੋਰਟਲ ਦੀ ਆਨ ਲਾਈਨ ਸੁਰੂਆਤ ਕਰਨ ਉਪਰੰਤ ਗੱਲਬਾਤ ਕਰਦਿਆਂ ਦਿੱਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲਾਂ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਵੱਖ ਵੱਖ ਕਾਲਜਾਂ ਵਿੱਚ ਲੰਮੀਆ ਲੰਮੀਆਂ ਲਾਇਨਾਂ ਵਿੱਚ ਲੱਗ ਕੇ ਪ੍ਰਾਸਪੈਕਟਸ ਖਰੀਦਣੇ ਪੈਂਦੇ ਸਨ ਤੇ ਇਸਦੇ ਨਾਲ ਹੋਰ ਵੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਵਧੇਰੇ ਖਰਚਾ ਵੀ ਚੁੱਕਣਾ ਪੈਂਦਾ ਸੀ। ਪ੍ਰੰਤੂ ਪੋਰਟਲ ਦੇ ਸ਼ੁਰੂ ਹੋਣ ਨਾਲ ਘਰ ਬੈਠਿਆਂ ਹੀ ਦਾਖਲੇ ਸਬੰਧੀ ਕਾਲਜਾਂ ਬਾਰੇ ਜਾਣਕਾਰੀ ਹਾਸਲ ਕਰਕੇ ਆਨਲਾਈਨ ਰਜਿਸ਼ਟਰੇਸ਼ਨ ਕਰਾਈ ਜਾ ਸਕਦੀ ਹੈ। ਇਸਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਯੂਨੀਫਾਈਡ ਸਟੇਟ ਹੈਲਪਲਾਈਨ ਨੰਬਰ 1100 ਸੁਰੂ ਕੀਤਾ ਗਿਆ ਹੈ ਜਿਸ ਤੇ ਸਾਰੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਵਿਭਾਗ ਨਾਲ ਸਬੰਧਤ ਕੋਈ ਸਮੱਸਿਆ ਜਾਂ ਸ਼ਿਕਾਇਤ ਕਰਨੀ ਹੋਵੇ ਤਾ ਉਹ 1100 ਨੰਬਰ ਤੇ ਕਰ ਸਕਦਾ ਹੈ। ਜਿਸਦਾ ਪੰਜਾਬ ਸਰਕਾਰ ਵੱਲੋਂ ਜਲਦੀ ਹੱਲ ਕੀਤਾ ਜਾਵੇਗਾ ਅਤੇ ਸਮੱਸਿਆ ਦਾ ਘਰ ਬੈਠੇ ਹੀ ਮਸਲਾ ਹੱਲ ਹੋ ਜਾਵੇਗਾ।ਇਸ ਮੌਕੇ ਜੀ ਐਸ ਕਲਸੀ, ਪ੍ਰਿੰਸੀਪਲ ਸਰਕਾਰੀ ਕਾਲਜ ਗੁਰਦਾਸਪੁਰ, ਹਰਪਾਲ ਸਿੰਘ ਡੀਈਓ (ਸ)ਤੇ ਹੋਰ ਅਧਿਕਾਰੀ ਹਾਜਰ ਸਨ।

# ਜਿਲ੍ਹਾ ਪ੍ਰਸ਼ਾਸਨ ਫਿਰੋਜਪੁਰ ਵੱਲੋਂ ਮਯੰਕ ਫਾਉਂਡੇਸ਼ਨ ਨੂੰ ਸੁਤੰਤਰਤਾ ਦਿਵਸ 'ਤੇ ਸ਼ਾਨਦਾਰ ਸਮਾਜਿਕ ਕਾਰਜਾਂ ਲਈ ਕੀਤਾ ਸਨਮਾਨਿਤ



**ਫਿਰੋਜਪੁਰ/ਲੋਕ ਬਾਣੀ**

ਜਿਲ੍ਹਾ ਪ੍ਰਸਾਸਨ ਵੱਲੋਂ ਸੁਤੰਤਰਤਾ ਦਿਵਸ ਮੌਕੇ ਮਯੰਕ ਫਾਊਂਡੇਸਨ ਨੂੰ ਉਨ੍ਹਾਂ ਦੇ ਵਧੀਆ ਸਮਾਜਿਕ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ । ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸੰਸਥਾ ਦੇ ਸਕੱਤਰ ਰਾਕੇਸ ਕੁਮਾਰ ਨੇ ਕਿਹਾ ਕਿ ਡਿਪਟੀ ਕਮਿਸਨਰ ਗੁਰਪਾਲ ਸਿੰਘ ਚਾਹਲ ਅਤੇ ਐੱਸ.ਐੱਸ.ਪੀ ਭਗੀਰਥ ਸਿੰਘ ਮੀਨਾ ਵੱਲੋਂ ਪ੍ਰਦਾਨ ਕੀਤੇ ਗਏ ਇਸ ਸਨਮਾਨ ਨੂੰ ਪ੍ਰਾਪਤ ਕਰ ਅਸੀਂ ਸਾਰੇ ਬਹੁਤ ਉਤਸਾਹਿਤ ਹਾਂ ਅਤੇ ਭਵਿੱਖ ਵਿੱਚ ਅਸੀਂ ਹੋਰ ਮਿਹਨਤ ਅਤੇ ਸੁਹਿਦਰਤਾ ਨਾਲ ਸਮਾਜ ਦੀ ਸੇਵਾ ਕਰਾਂਗੇ । ਵਰਣਨਯੋਗ ਹੈ ਕਿ ਅਨਿਰੁਧ ਗੁਪਤਾ ਦੀ ਪ੍ਰਧਾਨਗੀ ਹੇਠ ਮਯੰਕ ਫਾਊਂਡੇਸਨ ਨੇ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਕੋਵਿਡ ਸਮੇਂ ਦੌਰਾਨ ਲੋੜਵੰਦ ਲੋਕਾਂ ਨੂੰ ਰਾਸਨ ਦੀ ਵੰਡ, ਕੋਰੋਨਾ ਵਾਰੀਅਰਜ ਦਾ ਸਨਮਾਨ, ਆਨਲਾਈਨ ਪੇਂਟਿੰਗ ਪ੍ਰਤੀਯੋਗਤਾ, ਅਧਿਆਪਕ ਸਨਮਾਨ ਸਮਾਰੋਹ ,ਈਚ ਵੰਨ ਪਲਾਂਟ ਵੰਨ, ਪ੍ਰਤਿਭਾ ਕੰਨਿਆ ਸਕਾਲਰਸਪਿ, ਮਯੰਕ ਸਰਮਾ ਸਪੋਰਟਸ ਅਵਾਰਡ, ਬੈਡਮਿੰਟਨ ਚੈਂਪੀਅਨਸਪਿ , ਕੰਨਿਆ ਲੋਹੜੀ, ਰੋਡ ਸੇਫਟੀ ਮਹੀਨਾ , ਟ੍ਰੈਫਿਕ ਸੈਮੀਨਾਰ, ਇੱਕ ਸਾਮ ਮਯੰਕ ਦੇ ਨਾਮ ਆਦਿ ਪ੍ਰੋਜੈਕਟਾਂ ਨਾਲ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ । ਪ੍ਰਿੰਸੀਪਲ ਸੰਜੀਵ ਟੰਡਨ ਨੇ ਪ੍ਰਤਿਭਾ ਕੰਨਿਆ ਸਕਾਲਰਸਪਿ ਪ੍ਰੋਗਰਾਮ ਦੀ ਸਫਲਤਾ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਇਹ ਸਕਾਲਰਸਪਿ ਵਿੱਤੀ ਤੌਰ ਤੇ ਕਮਜੋਰ ਲੜਕੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ । ਦੂਜੇ ਪਾਸੇ ਡਾ: ਗਜਲਪਰੀਤ ਅਰਨੇਜਾ ਨੇ ਕਿਹਾ ਕਿ ਮਯੰਕ ਫਾਊਂਡੇਸਨ ਨੇ ਫਿਰੋਜਪੁਰ ਵਿੱਚ ਕਰੋਨਾ ਨੂੰ ਹਰਾਉਣ ਵਿੱਚ ਜਮੀਨੀ ਪੱਧਰ 'ਤੇ ਸਾਨਦਾਰ ਕੰਮ ਕੀਤਾ ਹੈ । ਇਹ ਸਨਮਾਨ ਸੰਸਥਾਪਕ ਦੀਪਕ ਸਰਮਾ ਨੇ ਸੰਸਥਾ ਦੇ ਸਾਰੇ ਮਿਹਨਤੀ ਮੈਂਬਰਾਂ ਨੂੰ ਸਮਰਪਿਤ ਕੀਤਾ ।

# ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਬਖਸ਼ੇ ਨਹੀਂ ਜਾਣੇ ਚਾਹੀਦੇ : ਯਸ਼ਪਾਲ ਕੁੰਡਲ

**ਦੀਨਾਨਗਰ/ਡਾ.ਰਮੇਸ਼ ਸਰੰਗਲ**



ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਬੁੱਤ ਦੀ ਬੀਤੇ ਦਿਨੀ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਭੰਨਤੋੜ ਕੀਤੀ ਗਈ ਹੈ ਜੋ ਕਿ ਬਹੁਤ ਘਿਨੌਣੀ ਹਰਕਤ ਹੈ ਇਸ ਗੱਲ ਦਾ ਪ੍ਰਗਟਾਵਾ ਭਾਜਪਾ ਐੱਸ ਸੀ ਮੋਰਚਾ ਦੇ ਜ਼ਿਲਾ ਪ੍ਰਧਾਨ ਯਸ਼ਪਾਲ ਕੁੰਡਲ ਨੇ ਕੀਤਾ ਇਸ ਮੌਕੇ ਉਹਨਾਂ ਕਿਹਾ ਕਿ ਅਜਿਹੀਆਂ ਹਰਕਤਾਂ ਨਾਲ ਮੁਸਲਿਮ ਸਿੱਖ ਭਾਈਚਾਰੇ ਵਿਚ ਪਾੜ ਪੈ ਸਕਦਾ ਹੈ ਜਿਸ ਨਾਲ ਹਾਲਾਤ ਖ਼ਰਾਬ ਹੋਣ ਦਾ ਖਦਸ਼ਾ ਹੈ ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਦੁਨੀਆਂ ਵਿਚ ਮਿਸਾਲੀ ਰਾਜ ਕਾਇਮ ਕੀਤਾ ਹੈ ਉਹਨਾਂ ਨੇ ਆਪਣੇ ਰਾਜ ਕਾਲ ਵਿਚ ਹਿੰਦੂ ਸਿੱਖ ਮੁਸਲਿਮ ਈਸਾਈ ਸਾਰਿਆਂ ਨੂੰ ਬਰਾਬਰ ਦੀ ਮਾਨਤਾ ਦੇ ਕੇ ਨਿਵਾਜਿਆ ਹੈ ਉਹਨਾਂ ਦੇ ਧਰਮ ਨਿਰਪੱਖ ਰਾਜ ਦੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ।ਕੁੰਡਲ ਨੇ ਕੇਂਦਰ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨਾਲ ਗੱਲ ਕਰਕੇ ਬੁੱਤ ਨੂੰ ਮੁੜ ਓਸੇ ਤਰਾਂ ਨਾਲ ਸਥਾਪਿਤ ਕਰਵਾਉਣ ਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜਾ ਦਿਵਾਉਣ। ਉਨਾਂ ਕਿਹਾ ਕਿ ਬੁੱਤ ਦੀ ਬੇਅਦਬੀ ਨਾਲ ਹਰੇਕ ਵਰਗ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਕਾਕਾ ਹਰਭਿੰਦਰ ਸਿੰਘ ਸੀਲ ਨੂੰ ਥਾਪਿਆ ਯੂਥ ਵਿੰਗ ਦਾ ਸਕੱਤਰ



**ਘਨੌਰ/ਸਰਦਾਰਾ ਸਿੰਘ ਲਾਛੜੂ :** ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਜਨਰਲ ਸਕੱਤਰ ਸ.ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਅੱਜ ਪਰਮਬੰਸ ਸਿੰਘ ਰੋਮਾਣਾ ਪ੍ਰਧਾਨ ਯੂਥ ਅਕਾਲੀ ਦਲ ਨੇ ਯੂਥ ਜਥੇਬੰਦਕ ਢਾਂਚੇ ਦਾ ਵਿਸਥਾਰ ਕੀਤਾ।ਜਿਸ ਵਿਚ ਹਲਕਾ ਘਨੌਰ ਤੋ ਕਾਕਾ ਹਰਭਿੰਦਰ ਸਿੰਘ ਸੀਲ ਨੂੰ ਯੂਥ ਵਿੰਗ ਦਾ ਸੰਯੁਕਤ ਸਕੱਤਰ ਨਿਯੁਕਤ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਕਾ ਹਰਭਿੰਦਰ ਸਿੰਘ ਸੀਲ ਨੇ ਕਿਹਾ ਕਿ ਜੋ ਜਮਿਵਾਰੀ ਪਾਰਟੀ ਨੇ ਮੈਨੂੰ ਦਿੱਤੀ ਹੈ ਮੈਂ ਉਸ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਮੈ ਵੱਡੇ ਵੀਰ ਗੁਰਲਾਲ ਸਿੰਘ ਭੰਗੂ ਦਾ ਦਿਲੋ ਧੰਨਵਾਦ ਕਰਦਾ ਜਿਨ੍ਹਾ ਸਦਕਾ ਮੈਨੂੰ ਇਹ ਸਤਕਾਰ ਪਾਰਟੀ ਵੱਲੋ ਮਿਲੀਆ ਜਿਨ੍ਹਾ ਨੇ ਮੇਰੀ ਪਾਰਟੀ ਲਈ ਕੀਤੀ ਮਿਹਨਤ ਦਾ ਮੁੱਲ ਪਾਇਆ ਤੇ ਹੋਰਾ ਲੀਡਰਾ ਵਾਂਗੂ ਮੈਨੂੰ ਅਪਣੇ ਪਿਛੇ ਨਾ ਲਾ ਕੇ ਸਗੋਂ ਅਪਣੇ ਨਾਲ ਤੋਰਿਆ ਹੈ। ਓਹਨਾ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਵਿੱਚ ਹਰ ਮਿਹਨਤ ਕਰਨ ਵਾਲੇ ਵਰਕਰ ਦਾ ਪੂਰਾ ਸਨਮਾਨ ਕੀਤਾ ਜਾਂਦਾ ਹੈ ਜਿਸ ਕਾਰਨ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਅਕਾਲੀ ਦਲ ਨਾਲ ਜੁੜ ਰਹੇ ਹਨ।

# ਆਸਾ ਵਰਕਰਜ ਅਤੇ ਫੈਸੀਲੀਟੇਟਰਜ ਯੂਨੀਅਨ ਪੰਜਾਬ ਦੇ ਸੰਘਰਸ ਸਦਕਾ ਹੁਣ ਮਿਲੇਗੀ ਤਿੰਨ ਮਹੀਨਿਆਂ ਦੀ ਪ੍ਰਸੂਤਾ ਛੁੱਟੀ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

**■ ਘੱਟੋ-ਘੱਟ ਉਜਰਤ ਕਾਨੂੰਨ ਤਹਿਤ ਮਹੀਨਾਵਾਰ ਤਨਖਾਹ ਦੇਣ ਤੋਂ ਟਾਲਾ ਵੱਟਿਆ ਸਿਹਤ ਮੰਤਰੀ ਪੰਜਾਬ ਨੇ**

ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ (ਡੀ.ਐੱਮ.ਐੱਫ.) ਅਤੇ ਪੰਜਾਬ ਅੰਦਰ ਕੰਮ ਕਰਦੀਆਂ ਆਸ਼ਾ ਵਰਕਰਾਂ ਦੀਆਂ ਹੋਰ ਜਥੇਬੰਦੀਆਂ ਦੀ ਸਰਕਾਰ ਦੇ ਸੱਦੇ ਤੇ ਸਿਹਤ ਮੰਤਰੀ ਸ੍ਰੀ ਬਲਵੀਰ ਸਿੰਘ ਸਿੱਧੂ, ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਅਤੇ ਹੋਰ ਸਿਹਤ ਅਧਿਕਾਰੀਆਂ ਨਾਲ ਸਰਕਟ ਹਾਊਸ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜਥੇਬੰਦੀ ਦੀ ਸੂਬਾਈ ਆਗੂ ਸਰਬਜੀਤ ਕੌਰ ਮਚਾਕੀ ਅਤੇ ਸ਼ਕੁੰਤਲਾ ਸਰੋਏ ਤੋਂ ਇਲਾਵਾ ਹੋਰ ਜਥੇਬੰਦੀਆਂ ਦੇ ਆਗੂ ਵੀ ਮੌਜੂਦ ਸਨ। ਮੀਟਿੰਗ ਵਿੱਚ ਜਥੇਬੰਦੀਆਂ ਵਲੋਂ ਦਿੱਤੇ ਹੋਏ ਮੰਗ-ਪੱਤਰ ਤੇ ਸਿਹਤ ਮੰਤਰੀ ਨੇ ਕੋਈ ਸਾਰਥਕ ਹੱਲ ਪੇਸ਼ ਨਾ ਕਰਦੇ ਹੋਏ ਕੇਵਲ ਪਹਿਲਾਂ ਤੋਂ ਮਿਲਦੇ ਕੋਵਿਡ ਭੱਤੇ 2500 ਰੁਪਏ ਨੂੰ ਹੀ ਪੱਕੇ ਰੂਪ ਜਾਰੀ ਰੱਖਣ ਤੇ ਹੀ ਸਹਿਮਤੀ ਦਿੱਤੀ ਹੈ ਜਦੋਂਕਿ ਜਥੇਬੰਦੀ ਇਸ ਭੱਤੇ ਨੂੰ ਦੁੱਗਣਾ ਕਰਕੇ ਲਾਗਾਤਾਰ ਦੇਣ ਦੀ ਮੰਗ ਕਰਦੀ ਆ ਰਹੀ ਸੀ। ਇਸੇ ਤਰ੍ਹਾਂ ਆਸਾ ਵਰਕਰਜ ਅਤੇ ਫੈਸੀਲੀਟੇਟਰਜ ਨੂੰ ਤਿੰਨ ਮਹੀਨਿਆਂ ਦੀ ਪ੍ਰਸੂਤਾ ਛੁੱਟੀ ਦੇਣ ਤੇ ਸਹਿਮਤੀ ਦਿੱਤੀ ਹੈ। ਆਸਾ ਵਰਕਰਜ ਅਤੇ ਫੈਸੀਲੀਟੇਟਰਜ ਨੂੰ 1000 ਰੁਪਏ ਦੀ ਲਾਗਤ ਨਾਲ ਦੋ ਗਰਮ ਅਤੇ ਸਰਦ ਵਰਦੀਆਂ ਦੀ ਅਦਾਇਗੀ ਦੇ ਹੁਕਮ ਜਾਰੀ ਕਰ ਦਿੱਤੇ ਹਨ ਮੁਲਾਜਮ ਆਗੂਆਂ ਨੇ ਆਖਿਆ ਕਿ ਸਿਹਤ ਮੰਤਰੀ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਤੇ ਘੱਟੋ-ਘੱਟ ਉਜਰਤਾਂ ਲਾਗੂ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਗਈ ਹੈ ਅਤੇ ਬਾਕੀ ਕਿਸੇ ਵੀ ਮੰਗ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਕਿ ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ ਵਿੱਚ , ਸਮਾਰਟ ਫੋਨ ਦੇਣ, ਡਿਊਟੀ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਨੂੰ ਐਕਸ ਗਰੇਸੀਆ ਸਹਾਇਤਾ ਦੇਣ, ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਅਚਨਚੇਤੀ ਛੁੱਟੀਆਂ, ਮੈਡੀਕਲ ਛੁੱਟੀ ਤੋਂ ਇਲਾਵਾ ਐਕਸ ਇੰਡੀਆ ਲੀਵ ਦੇਣ ਦੀ ਮੰਗ ਕੀਤੀ ਗਈ ਸੀ। ਜਥੇਬੰਦੀ ਦੀ ਸੂਬਾਈ ਪ੍ਰਧਾਨ ਅਮਰਜੀਤ ਕੌਰ ਕੰਮੇਆਣਾ ਤੇ ਜਨਰਲ ਸਕੱਤਰ ਪਰਮਜੀਤ ਕੌਰ ਮਾਨ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਆਖਿਆ ਕਿ ਪੰਜਾਬ ਦੀਆਂ ਸਮੂਹ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਇਕਜੁੱਟ ਹੋ ਕੇ ਪੰਜਾਬ ਸਰਕਾਰ ਦੀ ਬੇਰੁੱਖੀ ਵਿਰੁੱਧ ਤਿੱਖੇ ਸੰਘਰਸ਼ਾਂ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।ਉਹਨਾਂ ਆਖਿਆ ਕਿ ਜਥੇਬੰਦੀ 20 ਅਗਸਤ ਨੂੰ 'ਪੰਜਾਬ ਯੂ.ਟੀ. ਮੁਲਾਜਮ ਤੇ ਪੈਨਸ਼ਨਜ ਸਾਂਝਾ ਫਰੰਟ' ਵੱਲੋਂ ਕੀਤੇ ਜਾ ਰਹੇ ਮੰਤਰੀਆਂ ਦੇ ਘਿਰਾਓ ਵਿੱਚ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ ਕੀਤੀ ਜਾਵੇਗੀ। ਉਹਨਾਂ ਐਲਾਨ ਕੀਤਾ ਕਿ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਉੱਪਰ ਘੱਟੋ-ਘੱਟ ਉਜ਼ਰਤਾਂ ਦੇ ਕਾਨੂੰਨ ਤਹਿਤ 21000 ਰੁਪਏ ਪ੍ਰਤੀ ਮਹੀਨਾ ਤਨਖਾਹ ਫਿਕਸ ਕਰਵਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ 29 ਅਗਸਤ ਨੂੰ 'ਮਾਣ-ਭੱਤਾ, ਕੱਚਾ ਤੇ ਕੰਟਰੈਕਟ ਮੁਲਾਜਮ ਮੋਰਚੇ' ਦੀ ਪਟਿਆਲਾ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਕੇ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਵਿਧਾਇਕ ਲੋਹਗੜ੍ਹ ਨੇ ਮਹਿਲਾ ਕਾਂਗਰਸੀ ਅਹੁਦੇਦਾਰਾਂ ਨੂੰ ਵੰਡੇ ਨਿਯੁਕਤੀ ਪੱਤਰ



**ਮੋਗਾ/ਦਵਿੰਦਰ ਸਿੰਘ ਬਿੱਟੂ**

ਮਿਸਨ 2022 ਨੂੰ ਲੈ ਕੇ ਵਿਧਾਇਕ ਸੁਖਜੀਤ ਸਿੰਘ ਲੋਹਗੜ੍ਹ ਵਲੋਂ ਧਰਮਕੋਟ ਦੇ ਅੰਦਰ ਕਾਂਗਰਸ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਤੇਜ ਕੀਤਾ ਜਾ ਰਿਹਾ ਹੈ। ਜਿੱਥੇ ਉਨ੍ਹਾਂ ਵੱਲੋਂ ਕਾਂਗਰਸ ਪਾਰਟੀ ਦੇ ਵੱਖ-ਵੱਖ ਵਿੰਗਾਂ ਵਿੱਚ ਮਜਬੂਤੀ ਪ੍ਰਦਾਨ ਕਰਨ ਲਈ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਭੇਟ ਕੀਤੇ ਜਾ ਰਹੇ ਹਨ ਉਸ ਦੇ ਅਧੀਨ ਹੀ ਅੱਜ ਉਨ੍ਹਾਂ ਵੱਲੋਂ ਮਹਿਲਾ ਕਾਂਗਰਸ ਮੋਗਾ ਦੇ ਪ੍ਰਧਾਨ ਬੀਬੀ ਪਰਮਜੀਤ ਕੌਰ ਕਪੂਰੇ ਦੀ ਅਗਵਾਈ ਵਿਚ ਧਰਮਕੋਟ ਹਲਕੇ ਦੇ ਵੱਖ-ਵੱਖ ਪਿੰਡਾਂ ਦੀਆਂ ਮਹਿਲਾ ਕਾਂਗਰਸੀ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਭੇਟ ਕੀਤੇ। ਇਸ ਮੌਕੇ ਤੇ ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕਾਂਗਰਸ ਪਾਰਟੀ ਹਰ ਵਰਗ ਦੀ ਹਰਮਨ ਪਿਆਰੀ ਪਾਰਟੀ ਹੈ ਅਤੇ ਸੂਬੇ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਨੂੰ ਸਹੂਲਤਾਂ ਅਤੇ ਰਾਹਤਾਂ ਭੇਟ ਦਿੱਤਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਮੇਸਾ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਯਤਨਸੀਲ ਹਨ ਅਤੇ ਉਨ੍ਹਾਂ ਕੈਬਨਿਟ ਮੀਟਿੰਗ ਦੌਰਾਨ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਵੱਡੇ ਫੈਸਲੇ ਕੀਤੇ ਜਾ ਰਹੇ ਹਨ, ਜਿੱਥੇ ਸਹਿਰੀ ਖੇਤਰ ਦੇ ਲੋਕਾਂ ਨੂੰ ਵਨ ਟਾਇਮ ਸੈਟਲਮੈਂਟ ਸਕੀਮ ਅਧੀਨ ਪ੍ਰਾਪਰਟੀ ਟੈਕਸ ਭਰਨ ਵਿੱਚ ਰਾਹਤ ਹੋਵੇਗੀ ਉਥੇ ਹੀ ਲਾਲ ਲਕੀਰ ਵਾਲੀ ਪ੍ਰਾਪਰਟੀ ਦੇ ਮਾਲਕਾਂ ਨੂੰ ਉਨ੍ਹਾਂ ਦੇ ਮਾਲਕਾਨਾ ਹੱਕ ਦੇਣ ਲਈ ਵੀ ਮੰਤਰੀ ਮੰਡਲ ਵੱਲੋਂ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਮਹਿਲਾ ਕਾਂਗਰਸ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਉਨ੍ਹਾਂ ਦੀਆਂ ਨਿਯੁਕਤੀਆਂ ਤੇ ਵਧਾਈ ਦਿੱਤੀ ਤੇ ਕਿਹਾ ਕਿ ਉਹ ਧਰਮਕੋਟ ਹਲਕੇ ਅੰਦਰ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਕਾਂਗਰਸੀ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਅਤੇ ਕਾਂਗਰਸ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਹੂਲਤਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ।

ਇਸ ਮੌਕੇ 'ਤੇ ਮਹਿਲਾ ਕਾਂਗਰਸ ਮੋਗਾ ਦੇ ਪ੍ਰਧਾਨ ਬੀਬੀ ਪਰਮਜੀਤ ਕੌਰ ਕਪੂਰੇ ਨੇ ਕਿਹਾ ਕਿ ਧਰਮਕੋਟ ਹਲਕੇ ਅੰਦਰ ਵਿਧਾਇਕ ਸੁਖਜੀਤ ਸਿੰਘ ਲੋਹਗੜ੍ਹ ਵੱਲੋਂ ਦੋ ਵਿਕਾਸ ਦੀ ਲਹਿਰ ਸੁਰੂ ਕੀਤੀ ਗਈ ਹੈ। ਉਹ ਲਗਾਤਾਰ ਜਾਰੀ ਰਹੇਗੀ। ਵਿਧਾਇਕ ਵਲੋਂ ਪਿੰਡਾਂ ਅਤੇ ਸਹਿਰਾਂ ਨੂੰ ਵਿਕਾਸ ਕਾਰਜਾਂ ਲਈ ਹੋਰ ਵੀ ਵੱਡੇ ਪੱਧਰ ਤੇ ਗਰਾਂਟ ਰਾਸੀ ਆਉਂਦੇ ਦਿਨਾਂ ਵਿੱਚ ਮੁਹਈਆ ਕਰਵਾਈ ਜਾਵੇਗੀ। ਜਿਸ ਨਾਲ ਹਲਕੇ ਦੇ ਪਿੰਡਾਂ ਤੇ ਸਹਿਰਾਂ ਦਾ ਹੋਰ ਵੀ ਸਰਵ-ਪੱਖੀ ਵਿਕਾਸ ਹੋਵੇਗਾ। ਇਸ ਮੌਕੇ ਤੇ ਬੀਬੀ ਹਰਿੰਦਰ ਕੌਰ ਸਾਹ ਸਰਪੰਚ ਕਿਸਨਪੁਰਾ ਕਲਾਂ ਪ੍ਰਧਾਨ ਮਹਿਲਾ ਕਾਂਗਰਸ ਬਲਾਕ ਧਰਮਕੋਟ, ਸੋਹਣ ਸਿੰਘ ਖੇਲਾ ਸਿਆਸੀ ਸਕੱਤਰ ਵਿਧਾਇਕ ਲੋਹਗੜ, ਬਲਜੀਤ ਕੌਰ ਚੇਅਰਪਰਸਨ ਬਲਾਕ ਸੰਮਤੀ ਕੋਟ ਈਸੇ ਖਾਂ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾ ਕਾਂਗਰਸ ਦੀਆਂ ਅਹੁਦੇਦਾਰ ਹਾਜਰ ਸਨ।

## ਸਰਕਾਰੀ ਸਕੂਲ



ਕਰ ਲਓ ਤਿਆਰੀ ,
ਕਰ ਲਓ ਤਿਆਰੀ,
ਮਾਣ ਬਣਨਗੇ ਹੁਣ ਸਕੂਲ ਸਰਕਾਰੀ।
ਸਿੱਖਿਆ ਵਿਭਾਗ ਨੇ ਕੀ ਕੀ ਕੀਤਾ,
ਇਹ ਸਭ ਨੂੰ ਦਿਖਾਉਣਾ ਹੈ,
ਵੱਧ ਤੋਂ ਵੱਧ ਬੱਚਿਆਂ ਨੂੰ ,
ਸਰਕਾਰੀ ਸਕੂਲ 'ਚ ਦਾਖਲ ਕਰਾਉਣਾ ਹੈ ।
ਵ੍ਹੱਟਸਐਪ ਗਰੁੱਪਾਂ ਰਾਹੀਂ,
ਸੋਸਲ ਮੀਡੀਆ ਰਾਹੀਂ, ਦੇਵੋ ਸਭ ਨੂੰ
ਵਿਭਾਗੀ ਉਪਲੱਬਧੀਆਂ ਦੀ ਜਾਣਕਾਰੀ ।
ਅੱਖਾਂ ਅੱਡੀਆਂ ਰਹਿ ਜਾਣੀਆਂ ,
ਦੇਖ ਬੱਚਿਆਂ ਦੀ ਸੋਹਣੀ ਪੇਸ਼ਕਾਰੀ ।
ਸਮਾਰਟ ਲਾਇਬਰੇਰੀ, ਸਮਾਰਟ ਪਲੇਅ ਗਰਾਊਂਡ
ਸਾਇੰਸ ਪਾਰਕ ਤੇ ਮੈਥ ਪਾਰਕ
ਮੁਫਤ ਕਿਤਾਬਾਂ ,ਮੁਫਤ ਵਰਦੀ
ਮੁਫਤ ਪੜ੍ਹਾਈ ਸਾਰੀ।
ਪ੍ਰਾਈਵੇਟ ਸਕੂਲਾਂ ਨੂੰ ਮਾਤ ਦੇ ਰਹੇ,
ਪੰਜਾਬ ਦੇ ਸਰਕਾਰੀ ਸਕੂਲ ,
ਅੰਗਰੇਜ਼ੀ ਬੋਲਣ ਵਿੱਚ ਬੱਚੇ ,
ਚਟਾ ਰਹੇ ਨੇ ਸਭ ਨੂੰ ਧੂੜ ,
ਮਾਣ ਹੈ ਸਾਨੂੰ ਆਪਣੇ ਅਧਿਆਪਕਾਂ ਤੇ,
ਜੋ ਦੇ ਰਹੇ ਸਿੱਖਿਆ ਮਿਆਰੀ ।
ਪੰਜਾਬ ਐਜੂਕੇਅਰ ਐਪ ਨੇ ਚਾਰੇ ਪਾਸੇ ਧੂੰਮ ਮਚਾਈ,
ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ ਨੇ ਬੱਚਿਆਂ ਦੀ ਜ਼ਿੰਦਗੀ ਰੌਸ਼ਨਾਈ,
ਪ੍ਰਾਈਵੇਟ ਨੂੰ ਭੁੱਲ ਜਾਓ ਹੁਣ ,ਹੁਣ ਮੋਹਰੀ ਹੋਣਗੇ ਸਕੂਲ ਸਰਕਾਰੀ ।
ਅਖਬਾਰਾਂ ਦੀਆਂ ਸੁਰਖੀਆਂ ਹੈ ਬਣ ਰਿਹਾ ਵਿਭਾਗ ,
ਹਰ ਦਿਨ ਨਵੇਂ ਰਿਕਾਰਡ ਬਣਾ ਰਿਹਾ ਵਿਭਾਗ ,
ਪੰਜਾਬ ਦੇ ਉੱਜਵਲ ਭਵਿੱਖ ਦੀ
ਕਰ ਰਿਹਾ ਹਰ ਦਿਨ ਉਸਾਰੀ ।

**ਪ੍ਰਭੂਤਾ ਗੋਇਲ, ਸਾਇੰਸ ਮਿਸਟ੍ਰੈਸ**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਪੂਰਬ**
**ਜ਼ਿਲ੍ਹਾ ਮੋਗਾ**

## ਬਚਪਨ



ਬਚਪਨ ਸੱਚਾ ਸੁੱਚਾ ,
ਕਦੇ ਹੱਸਦਾ ਕਦੀ ਰੋਂਦਾ ।
ਨਵੀਂਆਂ ਨਵੀਂਆਂ ਚੀਜ਼ਾਂ ਦੇਖ ,
ਆਪਣਾ ਦਿਲ ਪਰਚਾਉਂਦਾ ।
ਨਾ ਅੱਜ ਦੀ ਫਕਿਰ ਨਾ ਕੱਲ੍ਹ ਦੀ ,
ਨਾ ਫ਼ਿਕਰ ਕਿਸੇ ਹੋਰ ਗੱਲ ਦੀ ,
ਉਹ ਤਾਂ ਬਸ ਆਪਣੇ ਆਪ ਚ ,
ਗੁੰਮ ਕਿਤੇ ਰਹਿੰਦਾ ।
ਬਚਪਨ ਸੱਚਾ ਸੁੱਚਾ ਕਦੇ,
ਹੱਸਦਾ ਕਦੇ ਰੋਂਦਾ ।
ਭੋਲ਼ੀ ਭਾਲ਼ੀ ਸ਼ਕਲ ਬਣਾ ਕੇ ,
ਸਭ ਨੂੰ ਆਪਣੇ ਮਗਰ ਲੱਗਾ ਕੇ,
ਸਭ ਦੇ ਦਿਲ ਨੂੰ ਭਾਉਂਦਾ ।
ਬਚਪਨ ਸੱਚਾ ਸੁੱਚਾ,
ਕਦੇ ਹੱਸਦਾ ਕਦੇ ਰੋਂਦਾ ।
ਰੱਬ ਵਰਗਾ ਉਹ ਮੁੱਖੜਾ ,
ਦੇਖ ਉਦਾਸੀ ਦੂਰ ਹੈ ਹੁੰਦੀ ,
ਮਨ ਖਿੜ ਮਿੰਟਾਂ ਵਿੱਚ ਜਾਂਦਾ ।
ਬਚਪਨ ਸੱਚਾ ਸੁੱਚਾ ,
ਸਭ ਦਾ ਦਿਲ ਪਰਚਾਉਂਦਾ।

**ਪ੍ਰਭੂਤਾ ਗੋਇਲ (ਸਾਇੰਸ ਮਿਸਟ੍ਰੈਸ)**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਪੂਰਬੀ, ਜ਼ਿਲ੍ਹਾ ਮੋਗਾ**

# ਸਿਹਤ ਵਿਭਾਗ ਦੀ ਟੀਮ ਵਲੋਂ ਜ਼ੀਰਕਪੁਰ ਵਿਖੇ ਮਠਿਆਈਆਂ ਦੀ ਫ਼ੈਕਟਰੀ ਦੀ ਅਚਨਚੇਤ ਜਾਂਚ

■ **ਮਿਆਦ-ਪੁੱਗੀਆਂ ਅਤੇ ਮਿਲਾਵਟੀ ਚੀਜ਼ਾਂ ਦੀ ਵਿਕਰੀ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ - ਡਾ. ਸੁਭਾਸ਼ ਕੁਮਾਰ**




**ਜ਼ੀਰਕਪੁਰ/ਰਵੀ ਜੀਰਕਪੁਰ**

ਸਿਹਤ ਵਿਭਾਗ ਦੇ ਜ਼ਿਲ ਾ ਸਿਹਤ ਅ.ਫਸਰ ਦੀ ਅਗਵਾਈ ਵਾਲੀ ਟੀਮ ਨੇ ਜ਼ੀਰਕਪੁਰ ਵਿਚ ਮਠਿਆਈਆਂ ਬਣਾਉਣ ਵਾਲੀ ਫ਼ੈਕਟਰੀ ਅਤੇ ਮਠਿਆਈ ਦੀ ਦੁਕਾਨ ਚ ਅਚਨਚੇਤ ਚੈਕਿੰਗ ਕੀਤੀ। ਡਾ. ਸੁਭਾਸ਼ ਕੁਮਾਰ ਨੇ ਦਸਿਆ ਕਿ 'ਮਿਸ਼ਨ ਤੰਦਰੁਸਤ ਪੰਜਾਬ ਤਹਿਤ ਟੀਮ ਨੇ ਜਿਥੇ ਮਠਿਆਈਆਂ ਦੀ ਗੁਣਵੱਤਾ ਅਤੇ ਮਿਆਦ ਜਾਂਚੀ, ਉਥੇ ਖੋਏ ਅਤੇ ਪਤੀਸੇ ਦੇ ਦੋ ਸੈਂਪਲ ਵੀ ਲਏ ਜਿਹੜੇ ਜਾਂਚ ਲਈ ਲੈਬ ਵਿਚ ਭੇਜ ਦਿਤੇ ਗਏ ਹਨ। ਉਨ ਾਂ ਕਿਹਾ ਕਿ ਕਾਰੋਬਾਰੀਆਂ ਨੂੰ ਸਖ਼ਤ ਸ਼ਬਦਾਂ ਵਿਚ ਹਦਾਇਤ ਕੀਤੀ ਗਈ ਕਿ ਮਿਲਾਵਟੀ, ਬੇਮਿਆਰੀ ਅਤੇ ਮਿਆਦ-ਪੁੱਗੀਆਂ ਮਠਿਆਈਆਂ ਦੀ ਵਿਕਰੀ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ ਾਂ ਕਿਹਾ ਕਿ "ਫ਼ੂਡ ਸੇਫ਼ਟੀ ਸਟੈਂਡਰਡਜ਼ ਐਂਡ ਰੈਗੂਲੇਸ਼ਨ ਐਕਟ" ਤਹਿਤ ਅਜਿਹੀਆਂ ਚੀਜ਼ਾਂ ਕਿਸੇ ਵੀ ਹਾਲਤ ਵਿਚ ਵੇਚੀਆਂ ਨਹੀਂ ਜਾ ਸਕਦੀਆਂ। ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਜੁਰਮਾਨਾ ਲਾਉਣ ਤੋਂ ਇਲਾਵਾ ਉਸ ਦਾ ਵਿਕਰੀ ਲਾਇਸੰਸ ਵੀ ਰੱਦ ਕੀਤਾ ਜਾ ਸਕਦਾ ਹੈ। ਜ਼ਿਲ ਾ ਸਿਹਤ ਅਧਿਕਾਰੀ ਮੁਤਾਬਕ ਕਾਰੋਬਾਰੀਆਂ ਨੂੰ ਮਠਿਆਈਆਂ ਦੀ ਟਰੇਅ ਉਤੇ ਮਠਿਆਈਆਂ ਦੀ ਮਿਆਦ ਖ਼ਤਮ ਹੋਣ ਦੀ ਤਰੀਕ ਦਰਸਾਉਣ ਦੀ ਵੀ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਫ਼ੂਡ ਸੇਫ਼ਟੀ ਟੀਮ ਨੇ ਜ਼ਿਲੇ ਵਿਚ ਘੁੰਮ ਰਹੀ ਫ਼ੂਡ ਸੇਫ਼ਟੀ ਜਾਂਚ ਵੈਨ ਰਾਹੀਂ ਲਾਲ ਮਿਰਚ, ਹਲਦੀ, ਪਾਣੀ ਅਤੇ ਹੋਰ ਵਸਤਾਂ ਦੇ 15 ਸੈਂਪਲ ਵੀ ਲਏ। ਟੀਮ ਨੇ ਦੁਕਾਨਦਾਰਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਦੀ ਸੁਰੱਖਿਆ ਅਤੇ ਸੰਭਾਲ ਵਾਸਤੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਤੋਂ ਵੀ ਜਾਣੂੰ ਕਰਾਇਆ। ਦੁਕਾਨਦਾਰਾਂ ਨੂੰ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਦੁਕਾਨਾਂ ਵਿਚ ਬਹੁਤੀ ਭੀੜ ਨਾ ਕਰਨ ਅਤੇ ਗਾਹਕਾਂ ਨੂੰ ਵਾਰੋ-ਵਾਰੀ ਸਮਾਨ ਵੇਚਣ ਦੀ ਹਦਾਇਤ ਵੀ ਕੀਤੀ। ਇਕ ਦੂਜੇ ਤੋਂ ਦੂਰੀ ਰੱਖਣ ਅਤੇ ਮੂੰਹ ਢੱਕ ਕੇ ਰੱਖਣ ਲਈ ਵੀ ਆਖਿਆ ਗਿਆ। ਦੁਕਾਨਦਾਰਾਂ ਨੂੰ ਰਜਿਸਟਰੇਸ਼ਨ ਕਰਾਉਣ ਲਈ ਕਿਹਾ ਗਿਆ ਤੇ ਨਾਲ ਹੀ ਉਨ ਾਂ ਨੂੰ ਸ਼ੁੱਧ, ਮਿਲਾਵਟ-ਰਹਿਤ ਤੇ ਪੌਸ਼ਟਿਕ ਚੀਜ਼ਾਂ ਵੇਚਣ ਦੀ ਹਦਾਇਤ ਦਿਤੀ ਗਈ। ਡਾ. ਸੁਭਾਸ਼ ਨੇ ਦਸਿਆ ਕਿ ਜ਼ਿਲੇ ਵਿਚ ਵੱਖ ਵੱਖ ਥਾਵਾਂ ਤੇ ਮੋਬਾਈਲ ਫ਼ੂਡ ਸੇਫ਼ਟੀ ਵੈਨ ਵੀ ਘੁੰਮ ਰਹੀ ਹੈ ਜਿਸ ਜ਼ਰੀਏ ਚੀਜ਼ਾਂ ਦੇ ਸੈਂਪਲ ਲਏ ਜਾ ਰਹੇ ਹਨ ਅਤੇ ਲੋਕ ਦੁੱਧ, ਘੀ ਜਾਂ ਹੋਰ ਚੀਜ਼ਾਂ ਦੇ ਮਿਆਰ ਦੀ ਪਰਖ ਵਿਚ ਇਸ ਵੈਨ ਵਿਚ ਕਰਵਾ ਸਕਦੇ ਹਨ। ਜਿਲ ਾ ਸਿਹਤ ਅਫਸਰ ਨੇ ਕਿਹਾ ਕਿ ਦੁਕਾਨਦਾਰਾਂ ਨੂੰ ਸਾਫ਼-ਸਫ਼ਾਈ ਵਲ ਵਿਸ਼ੇਸ਼ ਧਿਆਨ ਦੇਣ ਲਈ ਵੀ ਆਖਿਆ ਗਿਆ ਹੈ। ਉਨ ਾਂ ਲੋਕਾਂ ਨੂੰ ਭੋਜਨ ਪਦਾਰਥਾਂ ਦੀ ਗੁਣਵੱਤਾ ਪ੍ਰਤੀ ਕਿਸੇ ਕਿਸਮ ਦਾ ਸਮਝੌਤਾ ਨਾ ਕਰਨ ਦੀ ਅਪੀਲ ਵੀ ਕੀਤੀ।

# ਪੱਖੋਵਾਲ ਰੋਡ 'ਤੇ ਰੇਲਵੇ ਦਾ ਹਿੱਸਾ 31 ਅਗਸਤ ਤੱਕ ਹੋ ਜਾਵੇਗਾ ਮੁਕੰਮਲ, ਆਰ.ਓ.ਬੀ.-ਆਰ.ਯੂ.ਬੀ. ਪ੍ਰੋਜੈਕਟ ਜਲਦ ਹੋਵੇਗਾ ਮੁਕੰਮਲ : ਭਾਰਤ ਭੂਸ਼ਣ ਆਸ਼ੂ

## ਸਾਈਟ ਦਾ ਕੀਤਾ ਦੌਰਾ, ਅਧਿਕਾਰੀਆਂ ਨੂੰ ਜਾਰੀ ਕੀਤੇ ਜ਼ਰੂਰੀ ਦਿਸ਼ਾ ਨਿਰਦੇਸ਼

■ ਕਿਹਾ, ਗਿੱਲ ਰੋਡ 'ਤੇ ਦਾਣਾ ਮੰਡੀ ਨੇੜੇ ਆਰ.ਓ.ਬੀ. ਦੇ ਨਿਰਮਾਣ ਲਈ ਪ੍ਰਸਤਾਵ ਵੀ ਰੇਲਵੇ ਨੂੰ ਜਮ੍ਹਾਂ ਕਰਵਾਏ ਜਾਣਗੇ



**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੱਖੋਵਾਲ ਰੋਡ ਰੇਲ ਅੰਡਰ ਬ੍ਰਿਜ (ਆਰ.ਯੂ.ਬੀ.) -2 ਰੇਲਵੇ ਦਾ ਹਿੱਸਾ 31 ਅਗਸਤ, 2021 ਤੱਕ ਮੁਕੰਮਲ ਹੋ ਜਾਵੇਗਾ, ਜਦੋਂ ਕਿ ਇਸ ਪ੍ਰੋਜੈਕਟ ਦੀ ਪਹੁੰਚ ਸੜਕ ਦਾ ਨਿਰਮਾਣ ਇਸ ਹਫ਼ਤੇ ਦੇ ਅੰਦਰ ਸ਼ੁਰੂ ਹੋ ਜਾਵੇਗਾ। ਪੱਖੋਵਾਲ ਰੋਡ ਆਰ.ਯੂ.ਬੀ-2 ਦੀ ਵਰਤੋਂ ਸਿੱਧਵਾਂ ਨਹਿਰ ਦੇ ਨਾਲ ਆਉਣ ਵਾਲੇ ਅਤੇ ਸਰਾਭਾ ਨਗਰ (ਸਕੇਟਿੰਗ ਰਿੰਕ ਦੇ ਨੇੜੇ) ਵੱਲ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਲਈ ਕੀਤੀ ਜਾਵੇਗੀ।

ਮੇਅਰ ਸ੍ਰੀ ਬਲਕਾਰ ਸਿੰਘ ਸੰਧੂ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ੍ਰੀ ਰਮਨ ਬਾਲਾਸੁਬਰਾਮਣੀਅਮ, ਨਿਗਮ ਕੌਂਸਲਰ ਸ੍ਰੀਮਤੀ ਮਮਤਾ ਆਸ਼ੂ, ਨਿਗਮ ਕਮਿਸ਼ਨਰ ਸ੍ਰੀ ਪ੍ਰਦੀਪ ਕੁਮਾਰ ਸੱਭਰਵਾਲ, ਵਿਲੀਅਮਜੀਤ ਸਿੰਘ, ਉੱਤਰੀ ਰੇਲਵੇ ਦੇ ਉਪ ਮੁੱਖ ਇੰਜੀਨੀਅਰ (ਨਿਰਮਾਣ ਵਿਭਾਗ) ਅਤੇ ਸੀਨੀਅਰ ਐਮ.ਸੀ. ਅਧਿਕਾਰੀਆਂ ਦੇ ਨਾਲ ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਅੱਜ ਨਿਰਮਾਣ ਸਥਾਨ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ।

ਉਨ੍ਹਾਂ ਕਿਹਾ ਕਿ ਰੇਲਵੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਉਹ ਪੱਖੋਵਾਲ ਰੋਡ ਆਰ.ਯੂ.ਬੀ-2 ਦਾ ਆਪਣਾ ਹਿੱਸਾ 31 ਅਗਸਤ, 2021 ਤੱਕ ਪੂਰਾ ਕਰ ਲੈਣਗੇ। ਉੱਤਰੀ ਰੇਲਵੇ ਦੇ ਉਪ ਮੁੱਖ ਇੰਜੀਨੀਅਰ (ਨਿਰਮਾਣ ਵਿਭਾਗ) ਸ.ਵਿਲੀਅਮਜੀਤ ਸਿੰਘ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਦੀ ਦੂਜੀ ਲਹਿਰ ਕਰਕੇ ਨਿਰਮਾਣ ਕਾਰਜ ਵਿੱਚ ਦੇਰੀ ਹੋਈ ਕਿਉਂਕਿ ਸਟੀਲ ਨੂੰ ਕੱਟਣ ਲਈ ਲੋੜੀਂਦੇ ਆਕਸੀਜਨ ਸਿਲੰਡਰਾਂ ਦੀ ਸਪਲਾਈ ਨਹੀਂ ਸੀ।ਹਾਲਾਂਕਿ ਉਨ੍ਹਾਂ ਭਰੋਸਾ ਦਿੱਤਾ ਹੈ ਕਿ ਆਰ.ਯੂ.ਬੀ-2 ਤੇ ਰੇਲਵੇ ਦਾ ਹਿੱਸਾ ਹੁਣ 31 ਅਗਸਤ, 2021 ਤੱਕ ਪੂਰਾ ਹੋ ਜਾਵੇਗਾ।


ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਪੱਖੋਵਾਲ ਰੋਡ ਆਰ.ਓ.ਬੀ. ਅਤੇ ਆਰ.ਯੂ.ਬੀ-1 ਦੀ ਉਸਾਰੀ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਇੱਕ ਰੇਲ ਓਵਰ ਬ੍ਰਿਜ (ਆਰ.ਓ.ਬੀ.) ਅਤੇ ਦੋ ਰੇਲ ਅੰਡਰ ਬ੍ਰਿਜ (ਆਰ.ਯ.ਬੀ) ਦਾ ਨਿਰਮਾਣ ਕਾਰਜ ਪੂਰੇ ਜੋਸ਼ ਨਾਲ ਚੱਲ ਰਿਹਾ ਹੈ। ਪੱਖੋਵਾਲ ਰੋਡ 'ਤੇ ਇੱਕ ਰੇਲ ਓਵਰ ਬ੍ਰਿਜ (ਆਰ.ਓ.ਬੀ.) ਅਤੇ ਦੋ ਰੇਲ ਅੰਡਰ ਬ੍ਰਿਜ (ਆਰ.ਯੂ.ਬੀ.) ਦਾ ਨਿਰਮਾਣ ਸ਼ਹਿਰ ਵਾਸੀਆਂ ਦੀ ਚਿਰੋਕਣੀ ਮੰਗ ਹੈ। ਇਹ ਸਾਂਝਾ ਪ੍ਰੋਜੈਕਟ ਲਗਭਗ 120 ਕਰੋੜ ਰੁਪਏ ਦੀ ਲਾਗਤ ਵਾਲਾ ਹੈ ਅਤੇ ਇਸ ਨਾਲ ਸ਼ਹਿਰ ਵਾਸੀਆਂ ਨੂੰ ਆਵਾਜਾਈ ਦੀ ਭੀੜ ਤੋਂ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਇਸ ਸਾਲ ਅਪ੍ਰੈਲ ਵਿੱਚ ਕੇਂਦਰੀ ਰੇਲ ਮੰਤਰੀ ਨਾਲ ਮੁਲਾਕਾਤ ਦੌਰਾਨ, ਉਨ੍ਹਾਂ ਭਰੋਸਾ ਦਿੱਤਾ ਸੀ ਕਿ ਇਹ ਪ੍ਰੋਜੈਕਟ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ ਅਤੇ ਰੇਲਵੇ ਸਟਾਫ ਨੂੰ ਇੱਕ ਸਮਾਂ-ਸਾਰਣੀ ਤਿਆਰ ਕਰਨ ਅਤੇ ਬਾਅਦ ਵਿੱਚ ਹਰ ਚਾਰ ਹਫਤਿਆਂ ਵਿੱਚ ਤਸਵੀਰਾਂ ਸਮੇਤ ਪ੍ਰਗਤੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ।

ਉਨ੍ਹਾਂ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਇਹ ਪ੍ਰੋਜੈਕਟ ਉਨ੍ਹਾਂ ਦੇ ਦਿਲ ਦੇ ਨੇੜੇ ਹੈ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਮੁਕੰਮਲ ਹੋ ਜਾਵੇਗਾ ਕਿਉਂਕਿ ਉਹ ਰੋਜ਼ਾਨਾ ਨਿੱਜੀ ਤੌਰ 'ਤੇ ਇਸ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਆਰ.ਓ.ਬੀ. ਦੀ ਲੰਬਾਈ 839.83 ਮੀਟਰ ਹੋਵੇਗੀ ਅਤੇ ਇਹ ਸਿੱਧਵਾਂ ਨਹਿਰ ਤੋਂ ਹੀਰੋ ਬੇਕਰੀ ਵਾਲੇ ਪਾਸੇ ਵੱਲ, ਪੱਖੋਵਾਲ ਰੋਡ ਦੇ ਨਾਲ ਮੌਜੂਦਾ ਰੇਲਵੇ ਟਰੈਕ ਦੇ ਨਾਲ ਬਣਾਇਆ ਜਾਵੇਗਾ, ਆਰ.ਯੂ.ਬੀ-1 ਦੀ ਲੰਬਾਈ 458.20 ਮੀਟਰ ਹੋਵੇਗੀ (ਹੀਰੋ ਬੇਕਰੀ ਵਾਲੇ ਪਾਸੇ ਤੋਂ ਸਿੱਧਵਾਂ ਨਹਿਰ ਵਾਲੇ ਪਾਸ, ਮੌਜੂਦਾ ਰੇਲਵੇ ਟਰੈਕ ਦੇ ਅਧੀਨ ਪੱਖੋਵਾਲ ਰੋਡ ਦੇ ਨਾਲ), ਜਦੋਂ ਕਿ ਆਰ.ਯੂ.ਬੀ-2 ਦੀ ਲੰਬਾਈ 1018.46 ਮੀਟਰ ਹੋਵੇਗੀ। ਸ੍ਰੀ ਆਸ਼ੂ ਨੇ ਕਿਹਾ ਕਿ ਇਹ ਪ੍ਰੋਜੈਕਟ ਉਨ੍ਹਾਂ ਇਲਾਕਾ ਨਿਵਾਸੀਆਂ ਲਈ ਲਾਭਦਾਇਕ ਸਿੱਧ ਹੋਵੇਗਾ ਜੋ ਇਸ ਵੇਲੇ ਪੱਖੋਵਾਲ ਰੋਡ 'ਤੇ ਟ੍ਰੈਫਿਕ ਦੀ ਸਮੱਸਿਆ ਕਾਰਨ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਉਨ੍ਹਾਂ ਮੁੱਖ ਵਾਅਦਿਆਂ ਵਿੱਚੋਂ ਇੱਕ ਹੈ ਜੋ ਉਨ੍ਹਾਂ ਨੇ ਲੁਧਿਆਣਾ (ਪੱਛਮੀ) ਹਲਕੇ ਦੇ ਵਸਨੀਕਾਂ ਨਾਲ ਕੀਤੇ ਹਨ ਅਤੇ ਉਹ ਖੁਦ ਇਸ ਦੀ ਨਿਗਰਾਨੀ ਕਰਨਗੇ।

## ਵਰਦੀ ਭੱਤਾ ਵੱਧ ਗਿਆ ਨੋਟੀਫਿਕੇਸ਼ਨ ਹੋਇਆ ਜਾਰੀ




**ਪਟਿਆਲਾ/ਜਗਦੀਸ ਰਾਈਕਾ**

ਸੰਘਰਸ ਦੀ ਅੰਸਿਕ ਜਿੱਤ ਕਿਉਂਕਿ ਲੜੀਵਾਰ 20ਜੁਲਾਈ ਤੋਂ ਜਲਿਆਂ ਪੱਧਰੀ ਧਰਨਿਆਂ ਦੌਰਾਨ ਮੰਗ ਪੱਤਰ ਸਿਹਤ ਮੰਤਰੀ ਅਤੇ ਵਿਤ ਮੰਤਰੀ ਤੱਕ ਭੇਜੇ ਗਏ ।ਜੋ ਕਿ 13ਅਗਸਤ ਨੂੰ ਮਲੇਰਕੋਟਲਾ ਵਿਖੇ ਸੀ।ਜਿਥੇ ਕਈ ਆਸਾ ਵਰਕਰਾਂ ਦੀ ਹਾਲਤ ਗੰਭੀਰ ਹੋਣ ਕਰਕੇ ਦੋ ਵਰਕਰਾਂ ਨੂੰ ਕੱਲ ਛੁੱਟੀ ਹੋਈ ਪਰ ਇੱਕ ਅਜੇ ਵੀ ਦਾਖਲ ਹੈ ।ਜੋ ਪ੍ਰਸਾਸਨ ਦੀ ਜੰਮਿਵਾਰੀ ਹੁੰਦੀ ਹੈ। ਪੰਜਾਬ ਦੀਆਂ ਸਮੂਹ ਆਸਾ ਵਰਕਰਾਂ ਅਤੇ ਫੈਸਿਲੀਟੇਟਰਾ ਨੂੰ ਰਣਵੀਰ ਸਿੰਘ ਢਿੱਲੋਂ, ਪ ਸ ਸ ਫ ਫੈਡਰੇਸਨਾਂ ਵੱਲੋਂ ਸੰਘਰਸੀਲ ਔਰਤਾਂ ਵਰਕਰਾਂ ਖਾਸ ਕਰਕੇ ਕਿਰਨਦੀਪ ਕੌਰ ਪੰਜੋਲਾ ਅਤੇ ਸਮੂਹ ਜਥੇਬੰਦੀ ਨੂੰ ਵਧਾਈ ਦਿੱਤੀ। ਕਿ ਲੜੀਵਾਰ ਚੱਲ , ਰਹੇ ਸੰਘਰਸਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਵਰਕਰਾਂ ਦੇ ਹੱਕ ਵਿੱਚ ਕੀਤੇ ਅਹਿਮ ਫੈਸਲੇ ।ਇਸ ਮੌਕੇ ਕਿਰਨਦੀਪ ਕੌਰ ਪੰਜੋਲਾ ਅਤੇ ਸਮੂਹ ਆਗੂਆਂ ਵੱਲੋਂ ਦੱਸਿਆ ਗਿਆ ਕਿ ਸਾਡੀਆਂ ਮੁੱਖ ਮੰਗਾਂ ਮਿੰਨੀਮਮ ਵੇਜ, ਅਤੇ ਹਰਿਆਣਾ ਪੈਟਰਨ, ਅਤੇ 2500/- ਪਰ ਮਹੀਨਾ ਆਸਾ ਵਰਕਰ ਅਤੇ ਫੈਸਿਲੀਟੇਟਰ ਦਾ ਕੀਤਾ ਗਿਆ ਹੈ ਉਸ ਦਾ ਨੋਟੀਫਿਕੇਸਨ ਕਰਾਉਣਾ ਅਤੇ ਹੋਰ ਮੰਗਾਂ ਲਈ ਸੰਘਰਸ ਦੀ ਰੂਪ-ਰੇਖਾ ਉਲੀਕੀ ਜਾਵੇਗੀ।

# ਵਧੀਕ ਡਿਪਟੀ ਕਮਿਸ਼ਨਰ ਨੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸਨ ਸਕੀਮ ਅਧੀਨ ਬਿਜ਼ਨਸ ਕੋਰਸਪੌਂਡੈਂਟ ਸਖੀਆਂ ਨੂੰ ਵੰਡੇ ਬਾਇਓਮੈਟ੍ਰਿਕ ਉਪਕਰਣ




**ਜਲੰਧਰ/ਲੋਕ ਬਾਣੀ**

ਵਧੀਕ ਡਿਪਟੀ ਕਮਿਸਨਰ (ਵਿਕਾਸ), ਜਲੰਧਰ ਸ਼੍ਰੀ ਜਸਪ੍ਰੀਤ ਸਿੰਘ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਧੀਨ ਜਲ੍ਹਿਾ ਜਲੰਧਰ ਵਿੱਚ ਚੱਲ ਰਹੀ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸਨ (ਪੀ.ਐਸ.ਆਰ.ਐਲ.ਐਮ.) ਸਕੀਮ ਅਧੀਨ ਬਿਜ਼ਨਸ ਕੋਰਸਪੌਂਡੈਂਟ ਸਖੀਆਂ ਨੂੰ ਬੈਂਕਾਂ ਅਤੇ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਸੈਲਫ ਹੈਲਪ ਗਰੁੱਪਾਂ ਨੂੰ ਦਿਵਾਉਣ ਲਈ 14 ਬਾਇਓਮੈਟ੍ਰਿਕ ਉਪਕਰਣ ਵੰਡੇ ਗਏ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਹੋਏ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਿਜ਼ਨਸ ਕੋਰਸਪੌਂਡੈਂਟ ਸਖੀਆਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਮਸੀਨਾਂ ਨਾਲ ਡਿਜੀਟਲ ਕੰਮ ਕਰ ਸਕਦੀਆਂ ਹਨ ਅਤੇ ਸੈਲਫ ਹੈਲਪ ਗਰੁੱਪਾਂ ਦੀਆਂ ਡਿਜੀਟਲ ਟ੍ਰਾਂਜ਼ੈਕਸ਼ਨਾਂ, ਪਾਸਪੋਰਟ ਬਣਵਾਉਣਾ, ਆਧਾਰ ਕਾਰਡ ਅੱਪਡੇਟ, ਬੈਂਕ ਖਾਤਾ ਖੁੱਲ੍ਹਵਾਉਣਾ, ਆਯੂਸਮਾਨ ਭਾਰਤ, ਬੀਮਾ ਅਤੇ ਪੈਨਸਨ ਸਮੇਤ 45 ਤਰ੍ਹਾਂ ਦੀਆਂ ਸੇਵਾਵਾਂ ਨਿਭਾ ਸਕਦੀਆਂ ਹਨ । ਉਨ੍ਹਾਂ ਕਿਹਾ ਕਿ ਇਹ ਉਪਕਰਣ ਯੋਗ ਲਾਭਪਾਤਰੀਆਂ ਨੂੰ ਬੈਂਕਾਂ ਅਤੇ ਕਾਮਨ ਸਰਵਿਸ ਸੈਂਟਰਾਂ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਦਿਵਾਉਣ ਵਿੱਚ ਲਾਹੇਵੰਦ ਸਾਬਤ ਹੋਣਗੇ।

ਇਸ ਦੌਰਾਨ, ਜ਼ਿਲ੍ਹੇ ਦੀਆਂ 14 ਬਿਜ਼ਨਸ ਕੋਰਸਪੌਂਡੈਂਟ ਸਖੀਆਂ ਨੂੰ ਇਹ ਉਪਕਰਣ ਦਿੱਤੇ ਗਏ । ਇਸ ਉਪਰੰਤ ਗੁਰਪ੍ਰੀਤ ਸਿੰਘ ਜਲ੍ਹਿਾ ਮੈਨੇਜਰ, ਸੀ.ਐਸ.ਸੀ ਜਲ੍ਹਿਾ ਜਲੰਧਰ ਵੱਲੋਂ ਬਿਜ਼ਨਸ ਕੋਰਸਪੌਂਡੈਂਟ ਸਖੀਆਂ ਨੂੰ ਇਨ੍ਹਾਂ ਉਪਕਰਣਾਂ ਦੀ ਵਰਤੋਂ ਸਬੰਧੀ ਪੂਰੀ ਸਿਖਲਾਈ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ.ਐਸ.ਆਰ.ਐਲ.ਐਮ.ਸਟਾਫ ਦੇ ਅਧਿਕਾਰੀ/ਕਰਮਚਾਰੀ ਬਲਜਿੰਦਰ ਸਿੰਘ ਗਿੱਲ (ਡੀ.ਪੀ.ਐਮ) ਜਲ੍ਹਿਾ ਲੇਖਾਕਾਰ ਵਿਕਾਸ ਬਖਸੀ, ਬੀ.ਪੀ.ਐਮ. ਰੀਤਾ ਕਸਯਪ, ਕਲੱਸਟਰ ਕੋਆਰਡੀਨੇਟਰ ਬਲਜਿੰਦਰ ਸਿੰਘ ਐਮ.ਆਈ.ਐਸ ਅਤੇ ਕਲੱਸਟਰ ਕੋਆਰਡੀਨੇਟਰ ਅਜੇ ਕੁਮਾਰ ਵੀ ਮੌਜੂਦ ਸਨ।

# ਮੰਗਾਂ ਨਾ ਪੂਰੀਆਂ ਹੋਈਆਂ ਤਾਂ 28 ਅਗਸਤ ਨੂੰ ਮੋਹਾਲੀ ਵਿਖੇ ਰੋਸ ਰੈਲੀ ਅਤੇ ਮਾਰਚ ਕੱਢਿਆ ਜਾਵੇਗਾ ਸੁਖਨੰਦਨ, ਭਾਖਣ, ਕੰਡਾ



**ਪਟਿਆਲਾ/ਲੋਕ ਬਾਣੀ**

ਅਨਰਿਵਾਇਜਡ ਅਤੇ ਪਾਰਸਲੀ ਰਿਵਾਇਜਡ ਸਾਂਝਾ ਮੁਲਾਜਮ ਫਰੰਟ ਪੰਜਾਬ ਦੀ ਅਹਿਮ ਮੀਟਿੰਗ ਪ੍ਰਧਾਨ ਸੁਖਨੰਦਨ ਸਿੰਘ ਮੈਹਣੀਵਾਲ ਅਤੇ ਦਲਜੀਤ ਸਿੰਘ ਭਾਖਰ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੇ ਜਾ ਰਹੇ ਛੇਵੇਂ ਪੇ ਕਮਿਸ਼ਨ ਵਿੱਚ ਵੱਖਵੱਖ ਕੈਟਾਗਰੀਆਂ ਨਾਲ ਵਿਤਕਰਾ ਕਰਨ ਦੀ ਮੌਜੂਦਾ ਸਰਕਾਰ ਦੀ ਨਿੰਦਾ ਕੀਤੀ ਗਈ। ਜਦੋਂ ਕਿ ਸੰਨ 1968 ਤੋਂ ਸੰਨ 2016 ਤੱਕ ਜਿਨਾਂ ਕੈਟਾਗਰੀਆਂ ਦੇ ਪੇ ਸਕੇਲ ਬਰਾਬਰ ਸਨ ਉਹਨਾਂ ਨੂੰ 1122011 ਦੀ ਸਰਕਾਰ ਵਲੋਂ ਬਣਾਈ ਗਈ ਸਬ ਕਮੇਟੀ ਨੇ ਕੁੱਝ ਨੂੰ 5910202001900 ਤੋਂ ਵਧਾਕੇ 10300348003200 ਦਾ ਸਕੇਲ ਦੇ ਦਿੱਤਾ ਗਿਆ। ਪਰ ਬਾਕੀ ਦੀਆਂ ਕਈ ਕੈਟਾਗਰੀਆਂ ਨੂੰ ਕੋਈ ਵਾਧਾ ਨਹੀਂ ਦਿੱਤਾ, ਜੇ ਦਿੱਤਾ ਤਾਂ ਉਹਨਾਂ ਦਾ ਗਰੇਡ ਪੇ 1900 ਤੋਂ 2400 ਕਰ ਦਿੱਤਾ। ਇਸ ਤਰ੍ਹਾਂ ਕੋਈ 83 ਦੇ ਲਗਭਗ ਕੈਟਾਗਰੀਆਂ ਨੇ ਜਿਨਾ ਦੇ ਪੇਅ ਪੈਰੀਟੀ ਤੋੜੀ ਗਈ ਸੀ ਇਸ ਤਰ੍ਹਾਂ 2011 ਤੋਂ ਕਈਆਂ ਨੂੰ 73 ਪ੍ਰਤੀਸ਼ਤ ਤੋਂ 86 ਪ੍ਰਤੀਸ਼ਤ ਤੱਕ ਦਾ ਵਾਧਾ ਕੀਤਾ ਗਿਆ ਅਤੇ ਬਾਕੀ ਨੂੰ 9 ਪ੍ਰਤੀਸ਼ਤ ਤੋਂ 17 ਪ੍ਰਤੀਸ਼ਤ ਤੱਕ ਵਾਧਾ ਕੀਤਾ ਜਾ ਬਿਲਕੁਲ ਵੀ ਨਹੀਂ। ਪ੍ਰਧਾਨ ਸੁਖਨੰਦਨ ਸਿੰਘ ਮੈਹਣੀਆਂ, ਜਨਰਲ ਸਕੱਤਰ ਮੁਕੇਸ਼ ਕੰਡਾ ਨੇ ਅੱਗੇ ਕਿਹਾ ਕਿ ਜਿਨ੍ਹਾਂ ਕੈਟਾਗਰੀਆਂ ਦੀ ਪੇ ਪੈਰੀਟੀ ਟੁੱਟੀ ਸੀ ਸਰਕਾਰ ਨਾਲ ਆਪਣੇ ਵਿਭਾਗਾਂ ਵਲੋਂ ਅਨਾਮਲੀਆਂ ਦੂਰ ਕਰਨ ਦੀ ਮੰਗ ਕੀਤੀ ਸੀ, ਪਰੰਤੂ ਸਰਕਾਰ ਨੇ ਇਹ ਕਹਿਕੇ ਆਪਣਾ ਪੱਲਾ ਝਾੜ ਲਿਆ ਸੀ ਕਿ ਜਦੋਂ ਛੇਵਾਂ ਪੇ ਕਮਿਸ਼ਨ ਦਿੱਤਾ ਜਾਵੇਗਾ ਉਸ ਵਿੱਚ ਪੇ ਪੈਰੀਟੀ ਬਹਾਲ ਕਰਕੇ ਅਨਾਮਲੀਆਂ ਦੂਰ ਕੀਤੀਆਂ ਜਾਣਗੀਆਂ ਪਰੰਤੂ ਹੁਣ ਛੇਵੇ ਪੇ ਕਮਿਸ਼ਨ ਦੀ ਰਿਪੋਰਟ ਜਿਹੜੀ ਸਰਕਾਰ ਦੇ ਰਹੀ ਹੈ ਉਸ ਵਿੱਚ ਇਨ੍ਹਾਂ 83 ਕੈਟਾਗਰੀਆਂ ਬਾਰੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ। ਜਿਸ ਨਾਲ ਇਨ੍ਹਾਂ ਕੈਟਾਗਰੀਆਂ ਨੂੰ ਹੋਰ ਵੀ ਬਹੁਤ ਘਾਟਾ ਪੈ ਰਿਹਾ ਹੈ। ਸਾਝਾ ਮੁਲਾਜਮ ਫਰੰਟ ਪੰਜਾਬ ਅਤੇ ਯੂ.ਟੀ. ਨੇ 21 ਅਗਸਤ ਨੂੰ ਜਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਮਿਤੀ 28 ਅਗਸਤ ਨੂੰ ਮੋਹਾਲੀ ਵਿਖੇ ਵਿਸ਼ਾਲ ਰੋਸ ਰੈਲੀ ਕਰਕੇ ਉਪਰੰਤ ਰੋਸ ਮਾਰਚ ਕੀਤਾ ਜਾਵੇਗਾ ਤੇ ਇਸਦੇ ਜੋ ਵੀ ਸਿੱਟੇ ਨਿਕਲਣਗੇ ਉਸਦੀ ਸਾਰੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਅੱਜ ਦੀ ਮੀਟਿੰਗ ਵਿੱਚ ਨਰੇਸ਼ ਕੰਬੋਜ ਖੇਤੀਬਾੜੀ ਵਿਭਾਗ, ਗੁਰਵਿੰਦਰ ਸਿੰਘ ਹਾਇਰ ਐਜੂਕੇਸ਼ਨ, ਧਰਮਿੰਦਰ ਰਾਹੀ ਸੀ.ਟੀ.ਯੂ., ਮਨਦੀਪ ਸੈਣੀ ਡੇਰੀ ਵਿਭਾਗ, ਹਰਜੀਤ ਬਿੰਜਲ ਆਯੂਰਵੈਦਿਕ ਵਿਭਾਗ, ਗੁਰਕੰਵਲ ਸਿੰਘ ਲੈਬ ਅਸਿਸਟੈਂਟ, ਕੰਵਲਜੋਤ ਸਿੰਘ ਪਸ਼ੂ ਪਾਲਣ ਵਿਭਾਗ, ਸੁਖਵਿੰਦਰ ਸਿੰਘ ਪੰਜਾਬ ਐਜੂਕੇਸ਼ਨ ਵਿਭਾਗ, ਅਮਰਬੀਰ ਸਿੰਘ ਐਸ.ਐਲ.ਏ., ਜਰਨੈਲ ਸਿੰਘ ਸਿਹਤ ਵਿਭਾਗ, ਕੁਲਵਿੰਦਰ ਕਟਾਰੀਆ ਸਿੱਖਿਆ ਵਿਭਾਗ, ਗੁਰਸ਼ਰਨ ਜੀਤ ਸਿੰਘ ਪੰਜਾਬ ਰਾਜ ਕਾਨੂੰਨ ਸੇਵਾ ਵਿਭਾਗ, ਰਾਜ ਕੁਮਾਰ ਪੰਜਾਬ ਰੋਡਵੇਜ, ਨਰੇਸ਼ ਕੁਮਾਰ ਖੇਤੀਬਾੜੀ ਵਿਭਾਗ, ਮਨਜੀਤ ਸਿੰਘ ਸੈਣੀ ਹਾਰਟੀਕਲਚਰ ਵਿਭਾਗ, ਗੁਰਮੀਤ ਸਿੰਘ ਲੋਕਲਬਾਡੀ ਵਿਭਾਗ, ਸੁਖਨੰਦਨ ਸਿੰਘ ਪੰਜਾਬ ਰੋਡਵੇਜ, ਸੁਖਨੰਦਨ ਸਿੰਘ ਪੰਜਾਬ ਰੋਡੇਵਜ, ਮੁਕੇਸ਼ ਕੰਡਾ, ਰਾਜਪਾਲ ਲਸੋਈ, ਬਲਬੀਰ ਸਿਧਵਾ ਜਲ ਸਪਲਾਈ, ਗੁਰਦੇਵ ਸਿੰਘ ਸਿਰਸਵਾਲ, ਨੰਦ ਲਾਲ ਆਦਿ ਹਾਜਰ ਸਨ।



# ਪਿੰਡ ਬਰਵਾਲਾ ਤੋਂ ਕਈ ਪਰਿਵਾਰ ਭੁੱਲਰ ਦੀ ਅਗਵਾਈ ਵਿਚ ਆਪ 'ਚ ਸ਼ਾਮਲ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਪਿੰਡ ਬਰਵਾਲਾ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਪਿੰਡ ਦੇ ਸੈਂਕੜੇ ਪਰਿਵਾਰ ਆਮ ਆਦਮੀ ਪਾਰਟੀ ਵਿਚ ਸਾਮਲ ਹੋਏ। ਇਸ ਸਮੇਂ ਪਿੰਡ ਵਾਸੀਆਂ ਨੂੰ ਪਾਰਟੀ ਨਾਲ ਜੋੜਦੇ ਹੋਏ ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਆਪ ਵੱਲੋਂ ਐਲਾਨੀ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਅਤੇ 24 ਘੰਟੇ ਨਿਰੰਤਰ ਬਿਜਲੀ ਦੇਣ ਦੀ ਗਰੰਟੀ ਤੇ ਵਿਚਾਰ ਵਟਾਂਦਰਾ ਕੀਤਾ। ਇਸ ਵਕਤ ਲੋਕਾਂ ਦੇ ਪ੍ਰਸ਼ਨਾਂ ਦੇ ਸੰਤੋਖਜਨਕ ਉੱਤਰ ਵੀ ਦਿੱਤੇ ਅਤੇ ਉਨ੍ਹਾਂ ਦੀ ਬਿਜਲੀ ਗਰੰਟੀ ਦੀ ਰਜਿਸਟਰੇਸ਼ਨ ਵੀ ਕੀਤੀ। ਇਸ ਮੌਕੇ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਪੰਜਾਬ ਵਿਚ ਪਾਰਟੀ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ ਤਾਂ ਜੋ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਹੀ ਇਸ ਬਿਜਲੀ ਗਰੰਟੀ ਦਾ ਲਾਭ ਉਠਾਇਆ ਜਾ ਸਕੇ। ਲਾਲਜੀਤ ਸਿੰਘ ਭੁੱਲਰ ਨੇ ਸ਼ਾਮਲ ਹੋਏ ਪਰਿਵਾਰਾਂ ਨੂੰ ਜੀ ਆਇਆਂ ਆਖਿਆ ਕਿ ਪਾਰਟੀ ਚ ਹਰੇਕ ਵਿਅਕਤੀ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਭੁੱਲਰ ਨੇ ਅਕਾਲੀਆ ਕਾਂਗਰਸੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਅਜਾਦੀ ਤੋਂ ਪਹਿਲਾਂ ਚਿੱਟੇ ਤੇ ਅਜਾਦੀ ਤੋਂ ਬਾਅਦ ਕਾਲੇ ਅੰਗਰੇਜ਼ਾਂ ਦੇ ਹੱਥ ਦੇਸ਼ ਦੀ ਵਾਗਡੋਰ ਆਉਣ ਕਾਰਨ ਇਹਨਾਂ ਦੋਵਾਂ ਪਾਰਟੀਆਂ ਵੱਲੋਂ ਦੇਸ਼ ਨੂੰ ਲੁੱਟਣ ਤੇ ਕੁੱਟਣ ਤੋਂ ਸਵਾਏ ਕੁਝ ਨਹੀਂ ਕੀਤਾ ਸੋਨੇ ਦੀ ਚਿੜੀ ਕਹਾਉਣ ਵਾਲੇ ਪੰਜਾਬ ਨੂੰ ਕਰਜੇ ਚ ਡੁਬੋ ਦਿੱਤਾ। ਜਨਤਾ ਨਾਲ ਝੂਠੇ ਵਾਅਦੇ ਕਰਕੇ ਕੁਰਸੀ ਹਾਸਲ ਕਰਕੇ ਹੱਕ ਮੰਗਦੇ ਲੋਕਾਂ ਨੂੰ ਡਾਗਾਂ ਨਾਲ ਨਿਵਾਜਿਆ ਜਾਂਦਾ ਅਸਲੀ ਅੰਗਰੇਜ਼ਾਂ ਨਾਲੋ ਦੇਸ਼ ਦੇ ਨਕਲੀ ਅੰਗਰੇਜ ਕਈ ਗੁਣਾਂ ਘਾਤਕ ਦਿੱਲੀ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਸਰਕਾਰ ਵੱਲੋ ਤੀਸਰੀ ਵਾਰ ਜਿੱਤ ਪ੍ਰਾਪਤ ਕਰਕੇ ਵਿਰੋਧੀਆਂ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਦਿੱਲੀ ਦੀ ਜਨਤਾ ਕੇਜਰੀਵਾਲ ਸਰਕਾਰ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਆ 2022 ਚ ਪੰਜਾਬ ਚ ਆਪ ਦੀ ਸਰਕਾਰ ਆਉਣ ਤੇ ਦਿੱਲੀ ਦੀ ਤਰਜ ਤੇ ਪੰਜਾਬ ਚ ਸਕੀਮਾਂ ਦਾ ਲਾਭ ਦੇ ਕੇ ਕਰਜਈ ਸੂਬੇ ਨੂੰ ਖੁਸ਼ਹਾਲ ਕੀਤਾ ਜਾਵੇਗਾ। ਇਸ ਮੌਕੇ ਕੌਂਸਲਰ ਕੁਲਵੰਤ ਸਿੰਘ ਕਲਸੀ ਪੱਟੀ, ਕੌਂਸਲਰ ਹੀਰਾ ਸਿੰਘ ਭੁੱਲਰ, ਗੁਰਪ੍ਰੀਤ ਭੁੱਲਰ, ਗੁਰਪਰਿੰਦਰ ਉੱਪਲ, ਕਰਮਬੀਰ ਪੱਟੀ, ਭੋਲਾ ਜੋਤੀ ਸਾਹ, ਤੀਰਥ ਸਿੰਘ ਪੱਟੀ, ਕਿਸਾਨ ਵਿੰਗ ਜ਼ਿਲ੍ਹਾ ਸੈਕਟਰੀ ਸਾਬ ਸਿੰਘ ਸਭਰਾ, ਸੋਸਲ ਮੀਡੀਆ ਜਲ੍ਹਿਾ ਕੋਡੀਨੇਟਰ ਜਗਜੀਤ ਸਿੰਘ ਸੁਹਾਵਾ ਸਰਕਲ ਇੰਚਾਰਜ ਬਿਕਰਮਜੀਤ ਸਿੰਘ ਕਾਲੇਕੇ ਅਤੇ ਐਕਸ ਵਿੰਗ ਜ਼ਿਲ੍ਹਾ ਵਾਈਸ ਪ੍ਰਧਾਨ ਦਿਲਬਾਗ ਸਿੰਘ ਰੱਤਾ ਗੁੱਦਾ ਹਾਜ਼ਰ ਸਨ।

# ਕੋਵਿਡ ਦਾ ਟੀਕਾਕਰਨ ਦੀ ਮੁਹਿੰਮ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਚੱਲ ਰਹੀ ਹੈ, ਲੋਕਾਂ ਨੂੰ ਇਸ ਲਈ ਜਾਗਰੁਕ ਕੀਤਾ ਜਾ ਰਿਹਾ ਹੈ



**ਪਟਿਆਲਾ/ਜਗਦੀਸ ਰਾਈਕਾ**

ਕੋਵਿਡ ਦਾ ਟੀਕਾਕਰਨ ਦੀ ਮੁਹਿੰਮ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਚੱਲ ਰਹੀ ਹੈ, ਲੋਕਾਂ ਨੂੰ ਇਸ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਦੇਖਣ ਵਿੱਚ ਆ ਰਿਹਾ ਹੈ ਕਿ ਹਰੇਕ ਵਿਅਕਤੀ ਹੁਣ ਟੀਕਾਕਰਨ ਕਰਵਾ ਰਿਹਾ ਹੈ। ਹੁਣ ਦਫਤਰ ਜਾਣ ਵਾਲੇ ਵਿਦਿਆਰਥੀ ਅਤੇ ਕਰੋਨਾ ਵਰਗੀ ਬੀਮਾਰੀ ਨੂੰ ਖਤਮ ਕਰਨ ਲਈ ਲੋਕ ਟੀਕਾਕਰਨ ਕਰਵਾ ਰਹੇ ਹਨ। ਹਰੇਕ ਵਿਅਕਤੀ ਮਾਸਕ ਜਰੂਰ ਪਾਉਣ, ਹੱਥ ਸਾਬਣ ਨਾਲ ਸਾਫ ਕਰਣ ਤਾਂ ਕਿ ਕਰੋਨਾ ਨੂੰ ਦੂਰ ਕੀਤਾ ਜਾ ਸਕੇ ਇਹ ਵਿਸਥਾਰ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਲਗਾਏ ਸ਼ਿਵ ਮੰਦਿਰ ਨਾਭਾ ਗੇਟ ਵਿਖੇ ਟੀਕਾਕਰਨ ਦੇ ਕੈਂਪ ਦਾ ਉਦਘਾਟਲ ਕਰਦੇ ਹੋਏ ਸ੍ਰੀ ਤਰਸੇਮ ਬਾਂਸਲ ਵਾਇਸ ਪ੍ਰਧਾਨ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਨੇ ਕਿਹਾ। ਵਿਜੇ ਕੁਮਾਰ ਗੋਇਲ ਨੇ ਕਿਹਾ ਕਿ ਸਾਡਾ ਸਭ ਦਾ ਫਰਜ ਹੈ ਕਿ ਅਸੀਂ ਆਪਣੇ ਆਪ ਕੋਵਿਡ ਦਾ ਟੀਕਾਕਰਨ ਕਰਵਾਇਏ ਅਤੇ ਮਾਸਕ ਜਰੂਰ ਪਾਈਏ ਅਤੇ ਇੱਕ ਦੂਜੇ ਤੋਂ ਦੂਰੀ ਰਖੀਏ। ਇਹਨਾਂ ਨਾਲ ਅਸੀਂ ਕਰੋਨਾ ਵਰਗੀ ਬੀਮਾਰ ਤੋਂ ਬਚ ਸਕਦੇ ਹਾਂ। ਅੱਜ ਕੈਂਪ ਵਿੱਚ 256 ਵਿਅਕਤੀਆਂ ਦਾ ਟੀਕਾਕਰਨ ਕੀਤਾ ਗਿਆ। ਲੋਕ ਵੀ ਹੁਣ ਟੀਕੇ ਲਈ ਜਾਗਰੂਕ ਹੋ ਗਏ ਹਨ। ਆਉਂ ਅਸੀਂ ਸਾਰੇ ਪ੍ਰਨ ਕਰੀਏ ਕਿ ਲੋਕਾਂ ਨੂੰ ਟੀਕਾ ਲਗਵਾਉਣ ਲਈ ਪ੍ਰੇਰਿਤ ਕਰਾਂਗੇ ਅਤੇ ਆਪ ਵੀ ਲਗਵਾਵਾਗੇ। ਇਸ ਅਵਸਰ ਤੇ ਸ੍ਰੀ ਅਸ਼ੋਕ ਗਰਗ, ਅਰਵਿੰਦ ਅਗਰਵਾਲ, ਅਸ਼ੋਕ ਗੋਇਲ, ਰਾਹੁਲ ਬਾਂਸਲ, ਅਮਿਤ ਕੁਮਾਰ ਗੋਇਲ ਅਤੇ ਵਿਨੋਦ ਸਿੰਗਲਾ ਹਾਜਰ ਸਨ।

# ਬਸੰਤ ਰਿਤੂ ਕਲੱਬ ਨੇ ਕਰਵਾਏ ਅੱਖਾਂ ਦੇ ਉਪਰੇਸ਼ਨ

**ਪਟਿਆਲਾ/ਜਗਦੀਸ ਰਾਈਕਾ**

ਇੱਕ ਹਜਾਰ ਤੋਂ ਵੱਧ ਕਰਵਾਏ ਉਪਰੇਸ਼ਨ ਡਾ. ਬਲਬੀਰ ਸਿੰਘ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਵਿਖੇ ਮਾਸਿਕ ਅੱਖਾਂ ਦੇ ਉਪਰੇਸ਼ਨ ਦਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਬਲਬੀਰ ਵੱਲੋਂ ਹਰ ਮਹੀਨੇ ਅੱਖਾਂ ਦੇ ਉਪਰੇਸ਼ਨ ਕੀਤੇ ਜਾਂਦੇ ਹਨ ਅਤੇ ਇਸ ਮਾਸਿਕ ਕੈਂਪ ਵਿੱਚ 15 ਉਪਰੇਸ਼ਨ ਚੁਣੇ ਗਏ ਅਤੇ ਜਰੂਰਤਮੰਦਾਂ ਦੇ ਮੋਤੀਆ ਬਿੰਦ ਦੇ ਉਪਰੇਸ਼ਨ ਮੁਫਤ ਕਰਕੇ ਲੈਂਜ ਪਾਏ ਗਏ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਕਲੱਬ ਚੇਅਰਮੈਨ ਰਾਮ ਜੀ ਦਾਸ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਕਲੱਬ ਵੱਲੋਂ ਹਰ ਮਹੀਨੇ ਜਰੂਰਤਮੰਦਾਂ ਦੇ ਅੱਖਾਂ ਦੇ ਉਪਰੇਸ਼ਨ ਕਰਕੇ ਮੁਫਤ ਲੈਂਜ ਪਾਏ ਜਾਂਦੇ ਹਨ। ਡਾ. ਬਲਬੀਰ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਵੱਲੋਂ ਜੋ ਮਾਸਿਕ ਅੱਖਾਂ ਦੇ ਉਪਰੇਸ਼ਨ ਕੈਂਪ ਲਗਾ ਕੇ ਲੋਕਾਂ ਦੇ ਮੁਫਤ ਉਪਰੇਸ਼ਨ ਕਰਵਾਏ ਜਾਂਦੇ ਹਨ ਉਹ ਇੱਕ ਸ਼ਲਾਘਾਯੋਗ ਕਦਮ ਹੈ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਕਲੱਬ ਵੱਲੋਂ ਹੁਣ ਤੱਕ 1000 ਲੋਕਾਂ ਦੇ ਮੁਫਤ ਉਪਰੇਸ਼ਨ ਕਰਵਾ ਕੇ ਮੁਫਤ ਲੈਂਜ ਪਵਾਏ ਜਾ ਚੁੱਕੇ ਹਨ। ਇਸ ਪ੍ਰੋਗਰਾਮ ਵਿੱਚ ਹਰਜੀਤ ਸਿੰਘ, ਅਮਰੀਸ਼ ਕੁਮਾਰ, ਮੁਕੇਸ਼ ਕੁਮਾਰ, ਮੇਹਰਵਾਨ ਸਿੰਘ, ਦਰਬਾਰ ਸਿੰਘ, ਧਰਮਿੰਦਰ ਕੁਮਾਰ, ਅਸ਼ੋਕ ਨਾਸਰਾ, ਇੰਜੀ: ਰੋਬਿੰਨ ਸਿੰਘ, ਇੰਜੀ: ਹਰਸ਼ਪ੍ਰੀਤ ਸਿੰਘ, ਆਦਿ ਨੇ ਭਾਗ ਲਿਆ।



# ਔਲਖ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੇ ਪਰਿਵਾਰ 'ਚ ਕਈ ਪਰਿਵਾਰ ਸ਼ਾਮਿਲ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**



ਹਲਕਾ ਖਡੂਰ ਸਾਹਿਬ ਦੇ ਪਿੰਡ ਥੇਹ ਬ੍ਰਾਹਮਣਾ ਵਿਖੇ ਸ੍ਰ. ਹਰੀਦਾਸ ਸਿੰਘ ਜੀ ਦੇ ਗ੍ਰਹਿ ਮੀਟਿੰਗ ਹੋਈ ਅਤੇ ਕਈ ਪਰਿਵਾਰਾ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਸਥਾਨਕ ਲੋਕ ਅਤੇ ਪਰਿਵਾਰ ਰਿਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋ ਦੁਖੀ ਹਨ । ਜਿਹਨਾ ਨੂੰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ. ਗੁਰਸੇਵਕ ਸਿੰਘ ਔਲਖ ਦੀ ਅਗਵਾਈ ਚ ਆਮ ਆਦਮੀ ਪਾਰਟੀ ਦੇ ਪਰਿਵਾਰ ਚ ਸਾਮਿਲ ਕੀਤਾ ਗਿਆ ਤੇ ਪਿੰਡ ਵਾਸੀਆਂ ਨੂੰ ਵਿਸਵਾਸ ਦਿਵਾਇਆ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਦਿੱਲੀ ਮਾਡਲ ਦੀ ਤਰ੍ਹਾ ਵਿਕਾਸ ਦੀ ਹਨੇਰੀ ਲਿਆਂਦੀ ਜਾਵੇਗੀ ਅਤੇ ਸਿਹਤ ਸੁਵਿਧਾਵਾਂ ਅਤੇ ਸਿੱਖਿਆ ਦੇ ਖੇਤਰ ਨੂੰ ਹੋਰ ਉੱਪਰ ਚੁੱਕਿਆ ਜਾਵੇਗਾ ।।ਇਸ ਮੌਕੇ ਸ੍ਰ. ਸ਼ਰਮੁਖ ਸਿੰਘ, ਧਰਮ ਸਿੰਘ, ਕਰਮ ਸਿੰਘ, ਕਰਤਾਰ ਸਿੰਘ, ਅਮਲੋਕ ਸਿੰਘ, ਸੁਬੇਗ ਸਿੰਘ, ਹਰਪਾਲ ਸਿੰਘ, ਸ਼ਮਸ਼ੇਰ ਸਿੰਘ ਆਦਿ ਮੌਜੂਦ ਸਨ ਇੰਨਾ ਦਾ ਰਸਮੀ ਸਵਾਗਤ ਕਰਦੇ ਹੋਏ ਪਾਰਟੀ ਦੀਆਂ ਨੀਤੀਆਂ ਤੋ ਚੰਗੀ ਤਰ੍ਹਾ ਜਾਣੂ ਕਰਵਾਇਆ ਅਤੇ ਪ੍ਰਚਾਰ ਸਮੱਗਰੀ ਵੀ ਵੰਡੀ।



ਅੱਜ ਦੀ ਹੋ ਰਹੀ ਯੂਥ ਅਕਾਲੀ ਦਲ ਦੀ ਰੈਲੀ 2022 ਦੀਆਂ ਚੋਣਾਂ ਦਾ ਮੁੱਢ ਬੰਨ੍ਹੇਗੀ ਰਿੱਕੀ ਮੋਗਾ ਧਰਮਕੋਟ ਦਵਿੰਦਰ ਸਿੰਘ ਬਿੱਟੂ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਦਾਰ ਬਲਜਿੰਦਰ ਸਿੰਘ ਮੱਖਣ ਬਰਾੜ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੀ ਅਗਵਾਈ ਹੇਠ ਧਰਮਕੋਟ ਦੇ ਸ਼ਗਨ ਪੈਲੇਸ ਵਿੱਚ ਅੱਜ ਯੂਥ ਅਕਾਲੀ ਦਲ ਦੀ ਅਹਿਮ ਰੈਲੀ ਕੀਤੀ ਜਾ ਰਹੀ ਹੈ ।

# ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਦੁੱਖ ਸਾਂਝਾ ਕੀਤਾ

**ਮੂਨਕ/ਵਰਮਾ**

ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਰਾਹੁਲ ਇੰਦਰ ਸਿੱਧੂ, ਲਹਿਰਾ ਗਾਗਾ ਵਿਕਾਸ ਮੰਚ ਦੇ ਸਰਪ੍ਰਸਤ ਐਡਵੋਕੇਟ ਵਰਿੰਦਰ ਗੋਇਲ ਤੇ ਸੀਨੀਅਰ ਅਕਾਲੀ ਆਗੂ ਨਿਰੰਜਨ ਸਿੰਘ ਭੁਟਾਲ ਵੱਲੋਂ ਨਗਰ ਪੰਚਾਇਤ ਮੂਣਕ ਦੀ ਐਮ ਸੀ ਰਾਧਾ ਜੈਨ ਪਤਨੀ ਗੱਬਰ ਜੈਨ, ਪੰਕਜ ਜੈਨ ਦੇ ਪਿਤਾ ਸਾਬਕਾ ਸਰਪੰਚ ਸੁਸ਼ੀਲ ਕੁਮਾਰ ਜੈਨ ਦੇ ਸਵਰਗ ਸਿਧਾਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਮੂਣਕ ਦੇ ਪ੍ਰਧਾਨ ਜਗਦੀਸ਼ ਰਾਏ ਗੋਇਲ, ਐਡਵੋਕੇਟ ਅਰਪਿੰਦਰ ਸਿੰਘ ਸਿੱਧੂ, ਜਿਨੇਸ਼ਵਰ ਜੈਨ, ਚੇਅਰਮੈਨ ਭੱਲਾ ਸਿੰਘ ਕੜੈਲ, ਅਨਿਲ ਜੈਨ ਵਿੱਕੀ, ਸੀਨੀਅਰ ਕਾਂਗਰਸੀ ਆਗੂ ਕਰਮ ਚੰਦ ਸਿੰਗਲਾ, ਨੰਦ ਲਾਲ ਲਹਿਰਾ, ਸਾਬਕਾ ਪ੍ਰਧਾਨ ਭੀਮ ਸੈਨ ਗਰਗ, ਸਾਬਕਾ ਪ੍ਰਧਾਨ ਪ੍ਰਕਾਸ਼ ਮਲਣਾ, ਅਸ਼ੋਕ ਜਾਖਲ, ਅਭੇ ਕੁਮਾਰ ਜੈਨ, ਗੁਰਚਰਨ ਜੈਨ, ਪਰਮਜੀਤ ਜੈਨ, ਹਰਮਨਜੀਤ ਸਿੰਘ, ਪ੍ਰਧਾਨ ਗੋਰਾ ਲਾਲ ਖੁਰਮੀ, ਸਾਬਕਾ ਪ੍ਰਧਾਨ ਤਰਸੇਮ ਜਿੰਦਲ, ਸਾਬਕਾ ਪ੍ਰਧਾਨ ਗੁਰਚੇਤ ਪਾਪੜਾ, ਟੀਨਾ ਜੈਨ ਸੁਨਾਮ, ਮਹੇਸ਼ ਜੈਨ ਬਠਿੰਡਾ, ਸ਼ਹਿਰੀ ਪ੍ਰਧਾਨ ਪਰਸ਼ੋਤਮ ਸਿੰਗਲਾ, ਸੀਨੀਅਰ ਕਾਂਗਰਸੀ ਆਗੂ ਮਿਠਨ ਸਿੰਗਲਾ, ਮੁਖਤਿਆਰ ਸਿੰਘ ਕੰਬੋਜ, ਅਮਰੀਕ ਸੈਣੀ, ਮਦਨ ਲਾਲ ਜੈਨ, ਕਾਂਤ ਜੈਨ, ਭੂਰਾ ਜੈਨ, ਐਡਵੋਕੇਟ ਤਰੁਣ ਜੈਨ , ਵਿਕਾਸ ਜੈਨ, ਰੋਮੀ ਜੈਨ ਆਦਿ ਮੌਜੂਦ ਸਨ।



# ਡੀ.ਈ.ਓ. ਬਰਨਾਲਾ ਸ. ਸਰਬਜੀਤ ਸਿੰਘ 'ਤੂਰ' ਵੱਲੋਂ 'ਸੋਨ ਸਰਘੀਆਂ' ਦੇ ਸ਼ਾਇਰ ਅਧਿਆਪਕਾਂ ਨਾਲ ਸੰਵਾਦ ਅਤੇ ਸਾਹਿਤਕ ਮਿਲਣੀ

**ਬਰਨਾਲਾ/ਰਮਨਦੀਪ ਧਾਲੀਵਾਲ**



ਕੱਲ ਮਾਣਯੋਗ ਸ.ਸਰਬਜੀਤ ਸਿੰਘ 'ਤੂਰ' ਜਲ੍ਹਿਾ ਸਿੱਖਿਆ ਅਫਸਰ ਬਰਨਾਲਾ ਅਤੇ ਡਿਪਟੀ ਜਲ੍ਹਿਾ ਸਿੱਖਿਆ ਅਫਸਰ ਸ੍ਰੀਮਤੀ ਹਰਕੰਵਲਜੀਤ ਕੌਰ ਜੀ ਨੇ ਬਰਨਾਲਾ ਜਲ੍ਹਿੇ ਦੇ ਅਧਿਆਪਕਾਂ ਦੀ ਪਲੇਠੀ ਕਿਤਾਬ ਸੋਨ ਸਰਘੀਆਂ ਦੇ ਅਧਿਆਪਕ ਸਾਇਰਾਂ ਨਾਲ ਸੰਵਾਦ ਅਤੇ ਸਾਹਿਤਕ ਮਿਲਣੀ ਕੀਤੀ ਇਸ ਸਾਂਝੇ ਕਾਵਿ-ਸੰਗ੍ਰਹਿ ਵਿੱਚ ਸਾਮਿਲ ਅਧਿਆਪਨ ਕਿੱਤੇ ਨਾਲ ਸਬੰਧਤ 16 ਸਾਇਰਾਂ ਇਸ ਸਮਾਗਮ ਵਿੱਚ ਸਾਮਲ ਹੋਏ। ਉਹਨਾਂ ਨੇ ਆਪਣੇ ਸਾਹਿਤਕ ਸਫਰ ਬਾਰੇ ਦੱਸਦਿਆਂ ਹੋਇਆਂ ਆਪਣੀਆਂ ਰਚਨਾਵਾਂ ਪੇਸ ਕੀਤੀਆਂ । ਜਿਨ੍ਹਾਂ ਦਾ ਵਿਸਾ ਧਾਰਮਿਕ, ਸਮਾਜਿਕ ਬੁਰਾਈਆਂ ਅਤੇ ਰਿਸਤਿਆਂ ਦੀਆਂ ਉਲਝਣਾਂ ਰਿਹਾ।ਦੋ ਘੰਟੇ ਚੱਲੇ ਇਸ ਸਮਾਗਮ ਦਾ ਸਭ ਨੇ ਭਰਪੂਰ ਅਨੰਦ ਲਿਆ। ਮਾਣਯੋਗ ਸ੍ਰੀਮਤੀ ਹਰਕੰਵਲਜੀਤ ਕੌਰ ਜੀ ਨੇ ਆਪਣੇ ਸੰਦੇਸ ਰਾਹੀਂ ਬਰਨਾਲਾ ਜਲ੍ਹਿੇ ਦੇ ਅਧਿਆਪਕਾਂ ਵੱਲੋਂ ਕੀਤੇ ਗਏ ਇਸ ਸਾਂਝੇ ਉਪਰਾਲੇ ਦੀ ਭਰਪੂਰ ਸਲਾਘਾ ਕਰਦਿਆਂ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਇਸ ਤਰ੍ਹਾਂ ਦੇ ਹੋਰ ਵੀ ਲਿਖਣ-ਪੜ੍ਹਨ ਦੀ ਬਿਰਤੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਆਪਣੇ ਸਮੇਂ ਦੇ ਲਿਖਣ ਪੜ੍ਹਨ ਦੇ ਤਜਰਬੇ ਵੀ ਸਾਂਝੇ ਕੀਤੇ।

ਮਾਣਯੋਗ ਸ.ਸਰਬਜੀਤ ਸਿੰਘ "ਤੂਰ" ਜੀ ਨੇ ਸੋਨ ਸਰਘੀਆਂ ਕਿਤਾਬ ਦੇ ਸੰਪਾਦਕ ਮੈਡਮ ਅੰਜਨਾ ਮੈਨਨ ਅਤੇ ਸ੍ਰੀਮਤੀ ਹਰਮਨਦੀਪ ਕੌਰ (ਪੰਜਾਬੀ ਅਧਿਆਪਕਾ ਸ.ਸ.ਸ. ਸਕੂਲ ਕਰਮਗੜ੍ਹ) ਜੀ ਨੂੰ ਇਸ ਵਿਲੱਖਣ ਅਤੇ ਮੁਸਕਲਾਂ ਭਰੇ ਕਾਰਜ ਲਈ ਵਧਾਈ ਦਿੱਤੀ ਉਨ੍ਹਾਂ ਨੇ ਕਿਤਾਬ ਦੇ ਵਿੱਚ ਸਾਮਿਲ ਸਾਰੇ ਸਾਇਰ ਅਧਿਆਪਕਾਂ ਨੂੰ ਸਾਹਿਤ ਨਾਲ ਜੁੜਨ ਉੱਤੇ ਮਾਣ ਮਹਿਸੂਸ ਕੀਤਾ ਕਿਉਕੇ ਬਰਨਾਲਾ ਜਲ੍ਹਿਾ ਜੋ ਕਿ ਸਾਹਿਤ ਦਾ ਗੜ੍ਹ ਹੈ ਅਤੇ ਅਧਿਆਪਕ ਵਰਗ ਨੇ ਇਸ ਪਿਰਤ ਨੂੰ ਹੋਰ ਅੱਗੇ ਲੈ ਜਾਣ ਦਾ ਉਪਰਾਲਾ ਕੀਤਾ ਹੇ। ਉਹਨਾਂ ਨੇ ਹਰ ਸਾਲ ਅਧਿਆਪਕਾਂ ਦੀ ਕਿਤਾਬ ਛਪਵਾਉਣ ਦੀ ਸਲਾਹ ਦਿੱਤੀ ਅਤੇ ਸਹਿਯੋਗ ਦੀ ਪੇਸਕਸ ਵੀ ਕੀਤੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਇਸ ਪ੍ਰਾਪਤੀ ਨੂੰ ਮਾਣਯੋਗ ਸ੍ਰੀ ਕ੍ਰਿਸਨ ਕੁਮਾਰ (ਸਕੱਤਰ ਸਿੱਖਿਆ ਪੰਜਾਬ) ਤੀਕ ਵੀ ਪਹੁੰਚਾਉਣਗੇ।

ਇਸ ਸਮੇਂ ਸਟੇਜ ਸੈਕਟਰੀ ਦੀ ਭੂਮਿਕਾ ਸ੍ਰੀਮਤੀ ਅੰਜਨਾ ਮੈਨਨ ਨੇ ਨਿਭਾਈ ਤੇ ਉਨ੍ਹਾਂ ਨੇ ਕਿਤਾਬ ਬਾਰੇ ਆਪਣੇ ਤਜਰਬੇ ਨੂੰ ਸਾਂਝਾ ਕੀਤਾ ਕਿ ਇਸ ਕਿਤਾਬ ਵਿਚ ਸਾਮਿਲ ਤਕਰੀਬਨ ਸਾਰੇ ਅਧਿਆਪਕ ਨਵੀਆਂ ਕਲਮਾਂ ਹਨ ।ਇਸ ਲਈ ਇਹਨਾਂ ਦੀ ਲੇਖਣੀ ਕਿਸੇ ਪਾਰਖੂ ਦੀ ਨਜਰ ਵਿਚ ਭਾਵੇਂ ਪਰਿਪੱਕ ਨਾ ਹੋਵੇ ਪਰ ਇਹ ਸਭ ਆਪਣੇ ਭਾਵਾਂ ਦੀ ਤਰਜਮਾਨੀ ਕਰਦੇ ਹਨ। ਇਸ ਕਾਵਿ-ਸੰਗ੍ਰਹਿ ਦੀ ਸੁਰੂਆਤ ਅਤੇ ਮੰਜਲਿ ਪ੍ਰਾਪਤੀ ਤੱਕ ਦਾ ਸਫਰ ਸੌਖਾ ਤਾਂ ਨਹੀਂ ਸੀ ਪਰ ਇਹ ਸਾਹਿਤਯ ਪਬਲੀਕੇਸਨਜ ਪਟਿਆਲਾ ਦੇ ਪ੍ਰਬੰਧਕ ਸ੍ਰੀ ਸਾਗਰ ਸੂਦ ਜੀ ਅਤੇ ਸਾਰੇ ਸਾਥੀ ਅਧਿਆਪਕਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹ ਗਿਆ।

ਉਨ੍ਹਾਂ ਨੇ ਕਿਤਾਬ ਦੀ ਸਮੁੱਚੀ ਟੀਮ ਵੱਲੋਂ ਜਲ੍ਹਿਾ ਸਿੱਖਿਆ ਅਫਸਰ ਜੀ ਦਾ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਅਧਿਆਪਕਾਂ ਦੀ ਹੌਂਸਲਾ ਅਫਜਾਈ ਕੀਤੀ। ਅਖੀਰ ਵਿਚ ਦੋਵਾਂ ਡੀ ਈ ਓ ਸਾਹਿਬਾਨ ਨੂੰ 'ਸੋਨ ਸਰਘੀਆਂ ' ਕਿਤਾਬ ਭੇਂਟ ਕੀਤੀ ਗਈ। ਇਸ ਸਮਾਗਮ ਵਿੱਚ ਗੁਰਪਾਲ ਸਿੰਘ ਬਿਲਾਵਲ, ਦਿਲਪ੍ਰੀਤ ਸਿੰਘ ਚੌਹਾਨ, ਸਵਰਨਜੀਤ ਕੌਰ, ਬੌਬੀ ਗੁਪਤਾ, ਬਲਵੀਰ ਕੌਰ, ਜਸਪ੍ਰੀਤ ਕੌਰ ਵਾਲੀਆ, ਪਰਦੀਪ ਕੌਰ ਧਾਲੀਵਾਲ, ਪਰਵਿੰਦਰ ਕੌਰ, ਮਮਤਾ ਰਾਣੀ, ਹਰਪ੍ਰੀਤ ਕੌਰ, ਕੁਲਦੀਪ ਕੌਰ, ਸਰਬਜੀਤ ਕੌਰ, ਦਵਿੰਦਰ ਕੌਰ ਦੀਪ ਅਤੇ ਸੁਖਪਾਲ ਕੌਰ ਬਾਠ ਨੇ ਭਾਗ ਲਿਆ।

# ਲੋਕ ਡੌਨ 'ਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਮੁਲਾਜਮ ਸਨਮਾਨੇ

## ■ ਔਖੀ ਘੜੀ ਦੌਰਾਨ ਗਰਭਵਤੀ ਔਰਤ ਨੂੰ ਪਹੁੰਚਾਇਆ ਸੀ ਹਸਪਤਾਲ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 15 ਅਗਸਤ ਆਜ਼ਾਦੀ ਦਿਵਸ ਮੌਕੇ ਪੰਜਾਬ ਪੁਲਸ ਵਿਭਾਗ ਦੇ ਏਐਸ ਆਈ ਬਿੱਕਰ ਸਿੰਘ ਅਤੇ ਹੌਲਦਾਰ ਸੁਖਜਿੰਦਰ ਸਿੰਘ ਨੂੰ ਕੋਰੋਨਾ ਕਾਲ ਦੌਰਾਨ ਵਧੀਆ ਡਿਊਟੀ ਨਿਭਾਉਣ ਬਦਲੇ ਸਟੇਟ ਪ੍ਰਸ਼ੰਸਾ ਪੱਤਰ ਨਾਲ ਸਨਮਾਨਤ ਕੀਤਾ ਗਿਆ ਅਪ੍ਰੈਲ 2020 ਦੇ ਸ਼ੁਰੂਆਤੀ ਦਿਨਾਂ ਦੇ ਵਿੱਚ ਗਰਭਵਤੀ ਮਹਿਲਾ ਔਰਤ ਦੀ ਮੱਦਦ ਕਰਕੇ ਉਸ ਦੇ ਬੱਚੇ ਦਾ ਜਣੇਪਾ ਕਰਵਾਇਆ ਸੀ ਉੱਥੇ ਹੀ ਆਪਣਾ ਮੁੱਢਲਾ ਫਰਜ਼ ਸਮਝਦੇ ਹੋਏ ਉਸ ਨੂੰ ਆਪਣੀ ਗੱਡੀ ਵਿੱਚ ਪਾ ਕੇ ਉਸ ਨੂੰ ਉਸ ਦੇ ਘਰ ਪਹੁੰਚਾਇਆ ਸੀ ਇਨ੍ਹਾਂ ਮੁਲਾਜਮਾਂ ਵਲੋਂ ਨਿਭਾਈ ਹੋਈ ਡਿਊਟੀ ਕਾਰਨ ਪੂਰੇ ਪੰਜਾਬ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਇਹ ਖਬਰ ਚਰਚਾ ਦਾ ਵਿਸ਼ਾ ਬਣੀ ਰਹੀ ਇਸ ਮਦਦ ਤੋਂ ਬਾਅਦ ਇਲਾਕੇ ਦੀਆਂ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਦੋਨਾਂ ਮੁਲਜਮਾਂ ਨੂੰ ਸਨਮਾਨਿਆ ਗਿਆ ਸੀ ਉੱਥੇ ਹੀ ਮੀਡੀਆ ਦੇ ਜ਼ਰੀਏ ਇਹ ਖ਼ਬਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਦੋਨਾਂ ਮੁਲਜਮਾਂ ਦੀ ਪਿੱਠ ਥਾਪੜੀ ਅਤੇ ਉਕਤ ਮੁਲਾਜਮਾਂ ਨੂੰ ਵਿਸ਼ੇਸ਼ ਐਵਾਰਡ ਡਿਸਕ ਦੇਣ ਦਾ ਐਲਾਨ ਵੀ ਕੀਤਾ ਜੋ ਕੇ ਐੱਸਐੱਸਪੀ ਮੋਗਾ ਹਰਮਨਬੀਰ ਸਿੰਘ ਗਿੱਲ ਵੱਲੋਂ ਇਹ ਐਵਾਰਡ ਸੌਂਪੇ ਗਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 15 ਅਗਸਤ ਨੂੰ ਵਿਸੇਸ ਤੌਰ ਤੇ ਇਨ੍ਹਾਂ ਦੋਨਾਂ ਮੁਲਜਮਾਂ ਨੂੰ ਸਨਮਾਨਤ ਕੀਤਾ ਗਿਆ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਏਐਸਆਈ ਬਿੱਕਰ ਸਿੰਘ ਨੇ ਕਿਹਾ ਮਾਨਯੋਗ ਐੱਸਐੱਸਪੀ ਸਾਹਿਬ ਬਹਾਦਰ ਮੋਗਾ ਸਿੰਘ ਮਾਨਯੋਗ ਡੀਐੱਸਪੀ ਧਰਮਕੋਟ ਅਤੇ ਥਾਣਾ ਮੁਖੀ ਧਰਮਕੋਟ ਦਾ ਵਿਸੇਸ ਤੌਰ ਤੇ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਅਗਵਾਈ ਵਿੱਚ ਸਾਨੂੰ ਇਹ ਮਾਣ ਸਨਮਾਨ ਮਿਲਿਆ ਅਤੇ ਉਹ ਅੱਗੇ ਤੋਂ ਆਪਣੀ ਡਿਊਟੀ ਹੋਰ ਮਿਹਨਤ ਅਤੇ ਲਗਨ ਨਾਲ ਨਿਭਾਉਣਗੇ ਇਨ੍ਹਾਂ ਦੋਨਾਂ ਮੁਲਜਮਾਂ ਨੂੰ ਸਨਮਾਨ ਮਿਲਣ ਉਪਰੰਤ ਧਰਮਕੋਟ ਅਤੇ ਮੋਗਾ ਜ਼ਿਲ੍ਹੇ ਦੇ ਪੁਲੀਸ ਮੁਲਾਜਮਾਂ ਦੇ ਵਿਚ ਖੁਸ਼ੀ ਪਾਈ ਜਾ ਰਹੀ ਹੈ।

# ਪਿੰਡ ਛੱਤ ਵਿੱਖੇ ਕਰੋਨਾ ਵੈਕਸੀਨੇਸ਼ਨ ਕੈਂਪ ਲਗਾਇਆ

**ਜ਼ੀਰਕਪੁਰ/ਰਵੀ ਜੀਰਕਪੁਰ**

ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਛੱਤ ਵਿਖੇ ਇੱਥੋਂ ਦੀ ਸਰਕਾਰੀ ਡਿਸਪੈਂਸਰੀ ਵਿੱਚ ਡਾਕਟਰ ਅੰਕੁਰ ਸੋਨੀ ਦੀ ਨਿਗਰਾਨੀ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਕਰੋਨਾ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਮੌਕੇ 125 ਲੋਕਾਂ ਨੇ ਟੀਕਾਕਰਨ ਕਰਵਾਇਆ। ਇਸ ਮੌਕੇ ਡਾਕਟਰ ਅੰਕੁਰ ਸੋਨੀ ਨੇ ਟੀਕਾ ਲਵਾਉਣ ਲਈ ਇੱਕਤਰ ਹੋਏ ਲੋਕਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਕਰੋਨਾ ਵੈਕਸਿਨ ਪ੍ਰਤੀ ਲੋਕਾਂ ਵਿੱਚ ਗਲਤ ਧਾਰਨਾ ਫੈਲੀ ਹੋਈ ਹੈ। ਪਰ ਸਰਕਾਰ ਵੱਲੋਂ ਇਹ ਟੀਕਾ ਕਰੋਨਾ ਮਹਾਮਾਰੀ ਦੀ ਰੋਕਥਾਮ ਲਈ ਤਿਆਰ ਕਰ ਕਿ ਸਾਡੇ ਲਈ ਭੇਜਿਆ ਗਿਆ ਹੈ।ਉਹਨਾਂ ਦੱਸਿਆ ਕਿ ਸਾਡੇ ਸਿਹਤ ਕਰਮਚਾਰੀ ਪਿੰਡ ਪੱਧਰ 'ਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਵੀ ਕਰ ਰਹੇ ਹਨ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਵਾਰਡ ਅਤੇ ਪਿੰਡ ਪੱਧਰ 'ਤੇ ਕਰੋਨਾ ਵੈਕਸਿਨ ਕੈਂਪ ਸ਼ੁਰੂ ਕੀਤੇ ਹੋਏ ਹਨ। ਜਿਥੇ 45 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਟੀਕਾ ਕਰਨ ਕਰਵਾ ਸਕਦਾ ਹੈ। ਡਾ ਸੋਨੀ ਨੇ ਕੈਂਪ ਵਿੱਚ ਆਏ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਟੀਕਾ ਲਗਵਾਉਣ ਤੋਂ ਬਾਅਦ ਕੋਰੋਨਾ ਵਾਇਰਸ ਨੂੰ ਲੈ ਕੇ ਕਿਸੇ ਵੀ ਪ੍ਰਕਾਰ ਦੀ ਲਾਪਰਵਾਹੀ ਨਾ ਵਰਤੋ। ਉਹਨਾਂ ਕਿਹਾ ਕੀ ਵੈਕਸੀਨ ਲਗਵਾਉਣ ਤੋਂ ਬਾਅਦ ਵੀ ਫੇਸ ਮਾਸਕ ਦਾ ਪ੍ਰਯੋਗ ਕਰਨਾ ਜਰੂਰੀ ਹੈ। ਸਰੀਰਕ ਦੂਰੀ ਦਾ ਧਿਆਨ ਰੱਖੋ ਅਤੇ ਆਪਣੇ ਹੱਥਾਂ ਨੂੰ ਵਾਰ - ਵਾਰ ਸਾਬਣ ਜਾਂ ਸੈਨਿਟਾਇਜਰ ਵਲੋਂ ਸਾਫ਼ ਕਰੋ। ਇਸ ਮੌਕੇ ਵੱਡੀ ਗਿਣਤੀ ਵਿੱਚ ਟੀਕਾ ਲਗਵਾਉਣ ਆਏ ਪਿੰਡ ਦੇ ਲੋਕਾਂ ਤੋਂ ਇਲਾਵਾ ਰੇਸ਼ਮ ਕੌਰ, ਸੁਖਵੀਰ ਕੌਰ, ਕੁਲਜਿੰਦਰ ਕੌਰ, ਸਤਵਿੰਦਰ ਕੌਰ, ਵਰਿੰਦਰ ਸਿੰਘ ਅਤੇ ਹੈਪੀ ਹਾਜਰ ਸਨ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਵਿਧਾਨਸਭਾ ਚੋਣਾਂ ਵਿੱਚ ਓਬੀਸੀ ਵਰਗ ਅਹਿਮ ਭੂਮਿਕਾ ਨਿਭਾਏਗਾ : ਡਾ. ਸੈਣੀ



**ਸੁਨਾਮ/ਵਰਮਾ**

ਪੰਜਾਬ ਭਾਜਪਾ ਦੇ ਓ ਬੀ ਸੀ ਮੋਰਚੇ ਦੇ ਸੂਬਾ ਬੁਲਾਰੇ ਡਾ ਜਗਮਹਿੰਦਰ ਸੈਣੀ ਨੇ ਕਿਹਾ ਕਿ ਓ ਬੀ ਸੀ ਮੋਰਚਾ ਪੰਜਾਬ ਵਿੱਚ ਜਲਦੀ ਹੀ ਵੱਖ-ਵੱਖ ਜਾਤੀਆਂ ਦੇ 10 ਵੱਡੇ ਸੰਮੇਲਨ ਕਰੇਗਾ। ਇਹਨਾਂ ਸੰਮੇਲਨਾਂ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਵੱਲੋਂ ਓ ਬੀ ਸੀ ਸਮਾਜ ਲਈ ਕੀਤੇ ਜਾ ਰਹੇ ਕੰਮਾਂ ਨੂੰ ਜਨਤਾ ਵਿੱਚ ਜਾ ਕੇ ਉਜਾਗਰ ਕੀਤਾ ਜਾਵੇਗਾ। ਸੈਣੀ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਨਰਿੰਦਰ ਮੋਦੀ ਸਰਕਾਰ ਵਿੱਚ 27 ਮੰਤਰੀ ਓ ਬੀ ਸੀ ਸਮਾਜ ਵਿੱਚੋਂ ਬਣਾਏ ਗਏ ਹਨ। ਪਹਿਲਾਂ ਕਦੇ ਵੀ ਅਜਿਹਾ ਨਹੀਂ ਕੀਤਾ ਗਿਆ ਸੀ। ਸੈਣੀ ਨੇ ਕਿਹਾ ਕਿ ਆਪਣੇ ਆਪ ਨੂੰ ਦਲਿਤਾਂ ਦੀ ਮਸੀਹਾ ਅਖਵਾਉਣ ਵਾਲੀ ਕਾਂਗਰਸ ਅਤੇ ਹੋਰ ਕਿਸੇ ਵੀ ਰਾਜਨੀਤਕ ਪਾਰਟੀ ਨੇ ਕਦੇ ਵੀ ਦਲਿਤ ਸਮਾਜ ਨੂੰ ਅੱਗੇ ਨਹੀਂ ਲਿਆਂਦਾ। ਬਲਕਿ ਝੂਠ ਬੋਲ ਕੇ ਆਪਣੇ ਦਲਿਤ ਹਿਤੈਸ਼ੀ ਹੋਣ ਦਾ ਢਿੰਡੋਰਾ ਪਿੱਟ ਕੇ ਦਲਿਤ ਸਮਾਜ ਨੂੰ ਗੁੰਮਰਾਹ ਹੀ ਕੀਤਾ ਜਾਂਦਾ ਰਿਹਾ ਹੈ।ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿੱਚ ਓ ਬੀ ਸੀ ਸਮਾਜ ਦਾ ਇੱਕ ਵੀ ਮੰਤਰੀ ਨਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਕਾਗਰਸ ਪਾਰਟੀ ਕਦੇ ਵੀ ਓ ਬੀ ਸੀ ਸਮਾਜ ਦਾ ਭਲਾ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ 12 ਤੋਂ ਵਿਧਾਇਕ ਓ ਬੀ ਸੀ ਸਮਾਜ ਦੇ ਹਨ।ਪਰ ਉਨ੍ਹਾਂ ਵਿੱਚੋਂ ਇੱਕ ਵੀ ਮੰਤਰੀ ਨਾ ਬਣਾ ਕੇ ਕਾਂਗਰਸ ਨੇ ਓ ਬੀ ਸੀ ਸਮਾਜ ਨੂੰ ਅਣਦੇਖਿਆ ਕੀਤਾ ਹੈ। ਜਦੋਂ ਕਿ ਭਾਜਪਾ ਓ ਬੀ ਸੀ ਸਮਾਜ ਨੂੰ ਉੱਪਰ ਚੁੱਕਣ ਲਈ ਬਚਨਬੱਧ ਹੈ। ਜੋ ਕੰਮ ਨਰਿੰਦਰ ਮੋਦੀ ਸਰਕਾਰ ਵੱਲੋਂ ਜਨਤਾ ਦੇ ਹਿੱਤਾਂ ਲਈ ਕੀਤੇ ਜਾ ਰਹੇ ਹਨ ਉਸ ਨੂੰ ਜਨਤਾ ਕਦੇ ਵੀ ਭੁਲਾ ਨਹੀਂ ਸਕਦੀ।ਮੋਦੀ ਸਰਕਾਰ ਵੱਲੋਂ ਜਿੱਥੇ ਓ ਬੀ ਸੀ ਸਮਾਜ ਨੂੰ ਰਾਖਵਾਂਕਰਨ ਦੀਆਂ ਸਹੂਲਤਾਂ ਦਿੱਤੀਆਂ ਹਨ, ਉੱਥੇ ਹੀ ਜਰਨਲ ਵਰਗ ਦੇ ਗਰੀਬਾਂ ਨੂੰ 10 ਫੀਸਦੀ ਰਾਖਵਾਂਕਰਨ ਦੇ ਕੇ ਜਨਤਾ ਦਾ ਦਿਲ ਜਿੱਤ ਲਿਆ ਹੈ। ਸੈਣੀ ਨੇ ਦਾਅਵਾ ਕੀਤਾ ਕਿ ਅਗਾਮੀ ਵਿਧਾਨਸਭਾ ਚੋਣਾਂ ਵਿੱਚ ਓ ਬੀ ਸੀ ਵਰਗ ਅਹਿਮ ਭੂਮਿਕਾ ਨਿਭਾਏਗਾ। ਕਾਂਗਰਸ ਪਾਰਟੀ ਵੱਲੋਂ ਓ ਬੀ ਸੀ ਵਰਗ ਦੀ ਕੀਤੀ ਗਈ ਅਣਦੇਖੀ ਦਾ ਜਨਤਾ ਮੂੰਹ ਤੋੜ ਜਵਾਬ ਦੇਵੇਗੀ। ਇਸ ਮੌਕੇ ਉਹਨਾਂ ਨਾਲ ਓ ਬੀ ਸੀ ਮੋਰਚਾ ਦੇ ਸੂਬਾ ਕਮੇਟੀ ਮੈਂਬਰ ਜਰਨੈਲ ਸਿੰਘ ਢੋਟ, ਗਿਆਨ ਚੰਦ ਸੈਣੀ ਆਦਿ ਵੀ ਹਾਜਰ ਸਨ।

## ਐੱਮ.ਜੀ. ਨੇ ਭਾਰਤ ਦਾ ਪਹਿਲਾ ਏਆਈ ਅਸਿਸਟੈਂਟ ਅਤੇ ਆਪਣੇ ਸੈਗਮੈਂਟ ਦਾ ਪਹਿਲਾ ਆਟੋਨੋਮਸ ਲੈਵਲ 2 ਟੈਕਨੋਲੋਜੀ ਨਾਲ ਐਸਟਰ ਐਸਯੂਵੀ ਦੀ ਪੇਸ਼ਕਸ਼ ਕੀਤੀ

**ਲੁਧਿਆਣਾ/ਲੋਕ ਬਾਣੀ**

ਐੱਮ.ਜੀ. ਮੋਟਰ ਇੰਡੀਆ ਨੇ ਅੱਜ ਆਪਣੀ ਆਗਾਮੀ ਮਿਡ-ਸਾਇਜ਼ ਐਸਯੂਵੀ- ਐਸਟਰ ਵਿੱਚ ਉਦਯੋਗ ਵਿੱਚ ਪਹਿਲਾ ਪਰਸਨਲ ਏਆਈ ਅਸਿਸਟੈਂਟ ਅਤੇ ਫਰਸਟ-ਇਨ-ਸੈਗਮੈਂਟ ਆਟੋਨੋਮਸ ਲੈਵਲ 2 ਟੈਕਨੋਲੋਜੀ ਦੀ ਪੇਸ਼ਕਸ਼ ਕੀਤੀ।ਐੱਮ.ਜੀ. ਦਾ ਟੀਚਾ ਸੰਭਾਵਨਾਵਾਂ ਅਤੇ ਸੇਵਾਵਾਂ ਦੇ ਕਾਰ-ਐਜ਼-ਏ ਪਲੇਟਫਾਰਮ(ਸੀਏਏਪੀ) ਦੀ ਧਾਰਨਾ 'ਤੇ ਨਿਰਮਾਣ ਕਰਦੇ ਹੋਏ ਆਪਣਾ ਆਟੋ-ਟੈਕ ਫੋਕਸ ਨੂੰ ਅੱਗੇ ਵਧਾਉਣਾ ਹੈ। ਪਰਸਨਲ ਏਆਈ ਅਸਿਸਟੈਂਟ ਮਸ਼ਹੂਰ ਅਮਰੀਕਨ ਫਰਮ 'ਸਟਾਰ ਡਿਜ਼ਾਇਨ' ਦੁਆਰਾ ਡਿਜ਼ਾਇਨ ਕੀਤਾ ਗਿਆ ਹੈ। ਇਹ ਮਨੁੱਖਾਂ ਵਰਗੇ ਭਾਵ ਅਤੇ ਆਵਾਜ਼ਾਂ ਦਿਖਾਉਂਦਾ ਹੈ ਅਤੇ ਵਿਕੀਪੀਡੀਆ ਰਾਹੀਂ ਹਰ ਟਾੱਪਿਕ 'ਤੇ ਵਿਸਤ੍ਰਿਤ ਜਾਣਕਾਰੀ ਦੇ ਸਕਦਾ ਹੈ। ਇਹ ਕਾਰ ਵਿੱਚ ਲੋਕਾਂ ਨੂੰ ਵਿਅਸਤ ਰੱਖੇਗਾ ਅਤੇ ਇਹ ਆਈ-ਸਮਾਰਟ ਹੱਬ ਦੁਆਰਾ ਸੰਚਾਲਿਤ ਹੈ। ਇਹ ਇੱਕ ਪਲੇਟਫਾਰਮ ਹੈ ਜਿਸ 'ਤੇ ਸਾਂਝੇਦਾਰੀਆਂ, ਸੇਵਾਵਾਂ ਅਤੇ ਸੀਏਏਪੀ ਦੀਆਂ ਸਬਸਕ੍ਰਿਪਸ਼ਨਾਂ ਹੋਣਗੀਆਂ। ਇਹ ਗਾਹਕਾਂ ਨੂੰ ਉਹਨਾਂ ਦੇ ਸੇਵਾਵਾਂ ਦੇ ਸੈਟ ਨੂੰ ਪਰਸਨਲਾਇਜ਼ ਕਰਨ ਦੇਵੇਗਾ। ਭਾਰਤ ਦੇ ਪਹਿਲੇ ਪਰਸਨਲ ਏਆਈ ਅਸਿਸਟੈਂਟ ਅਤੇ ਫਰਸਟ-ਇਨ-ਸੈਗਮੈਂਟ ਆਟੋਨੋਮਸ ਲੈਵਲ 2 ਕਾਰ ਐਸਟਰ ਬਾਰੇ ਬੋਲਦੇ ਹੋਏ, ਰਾਜੀਵ ਚਾਬਾ, ਪ੍ਰੈਜ਼ੀਡੈਂਟ ਅਤੇ ਐਮਡੀ, ਐੱਮ.ਜੀ.ਮੋਟਰ ਇੰਡੀਆ, ਨੇ ਕਿਹਾ, "ਇੱਕ ਆਟੋ-ਟੈਕ ਬ੍ਰਾਂਡ ਦੇ ਤੌਰ 'ਤੇ, ਅਸੀਂ ਹਮੇਸ਼ਾ ਅਹਿਮ ਤਕਨੀਕਾਂ ਪੇਸ਼ ਕੀਤੀਆਂ ਹਨ, ਅਤੇ ਹੁਣ, ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਵੱਲ ਅੱਗੇ ਵਧ ਰਹੇ ਹਾਂ। ਐਸਟਰ ਇੱਕ ਅਗਲਾ ਚਰਨ ਹੈ ਅਤੇ ਫਰਸਟ-ਇਨ-ਦ-ਇੰਡਸਟ੍ਰੀ ਅਤੇ ਬੈਸਟ-ਇਨ-ਕਲਾਸ ਫੀਚਰਸ ਨਾਲ ਅਹਿਮ ਬਦਲਾਵਾਂ ਲਈ ਇੱਕ ਉਤਪ੍ਰੇਰਕ ਹੈ ਜੋ ਗਾਹਕਾਂਨੂੰ ਕੇਵਲ ਪ੍ਰੀਮੀਅਮ/ਲਗਜ਼ਰੀ ਸੈਗਮੈਂਟਸ ਵਿੱਚ ਮਿਲਦਾ ਹੈ। ਉਤਪਾਦਨ ਦੇ ਕੇਂਦਰ 'ਤੇ ਨਵੀਨਤਾ ਅਤੇ ਸਾਫਟਵੇਅਰ ਦੀ ਅਣਥੱਕ ਖੋਜ ਨਾਲ, ਸਾਡੇ ਵਹੀਕਲ ਨਿਰੰਤਰ ਏਆਈ ਦਾ ਲਾਭ ਉਠਾ ਕੇ ਸਮਾਰਟਰ ਅਤੇ ਸੁਰੱਖਿਅਤ ਡਰਾਇਵਿੰਗ ਅਨੁਭਵ ਪ੍ਰਦਾਨ ਕਰਨਗੇ।"




## ਐਸ ਸੀ ਵਿਦਿਆਰਥੀਆਂ ਨੂੰ ਲੋੜੀਂਦੇ ਦਸਤਾਵੇਜ ਹਾਸਿਲ ਕਰਨ ਦੀ ਸਮੱਸਿਆ ਨੂੰ ਲੈ ਕੇ ਕਲੇਰ ਐਸ ਡੀ ਐਮ ਨੂੰ ਮਿਲੇ

**ਜਗਰਾਉਂ/ਅਰਜੁਨ ਸਹਿਜਪਾਲ**

ਪਟਵਾਰੀਆਂ ਵਲੋਂ ਹੜਤਾਲ ਦੇ ਚਲਦਿਆਂ ਐਸ ਸੀ ਵਿਦਿਆਰਥੀਆਂ ਨੂੰ ਵਜੀਫਾ ਸਕੀਮ ਲਈ ਅਰਜੀਆਂ ਤਸਦੀਕ ਕਰਵਾਉਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਐਸ ਆਰ ਕਲੇਰ ਅੱਜ ਸਥਾਨਕ ਐਸ ਡੀ ਐਮ ਨੂੰ ਮਿਲੇ ਜਿੱਥੇ ਉਨ੍ਹਾਂ ਸਕੂਲੀ ਵਿਦਿਆਰਥੀਆਂ ਵਲੋਂ ਆਮਦਨ ਸਰਟੀਫਿਕੇਟ,ਸਡਿਊਲ ਕਾਸਟ ਸਰਟੀਫਿਕੇਟ ਤੇ ਰਹਾਇਸੀ ਸਰਟੀਫਿਕੇਟ ਬਣਾਉਣ ਹਿੱਤ ਆ ਰਹੀ ਮੁਸਕਿਲ ਦੇ ਹੱਲ ਲਈ ਐਸ. ਡੀ.ਐਮ ਨੂੰ ਇਸ ਸਮੱਸਿਆ ਦਾ ਹੱਲ ਕੱਢਣ ਦੀ ਅਪੀਲ ਕੀਤੀ। ਦੱਸਣਯੋਗ ਹੈ ਕਿ ਇਕ ਪਾਸੇ ਸਕੂਲਾਂ ਵਲੋਂ ਐਸ ਸੀ ਵਿਦਿਆਰਥੀਆਂ ਦੇ ਵਜੀਫੇ ਅਪਲਾਈ ਕਰਨ ਲਈ ਆਮਦਨ ਸਰਟੀਫਿਕੇਟ ਤੇ ਰਹਾਇਸੀ ਸਰਟੀਫਿਕੇਟ ਜਰੂਰੀ ਦਸਤਾਵੇਜ ਅਤੀ ਲੋੜੀਂਦੇ ਹਨ, ਦੂਜੇ ਪਾਸੇ ਪਟਵਾਰੀਆਂ ਵਲੋਂ ਹੜਤਾਲ ਕੀਤੀ ਗਈ ਹੈ।ਇਸ ਹੜਤਾਲ ਦੇ ਚਲਦਿਆਂ ਐਸ ਸੀ ਵਿਦਿਆਰਥੀਆਂ ਨੂੰ ਇਹ ਲੋੜੀਂਦੇ ਦਸਤਾਵੇਜ ਹਾਸਿਲ ਕਰਨ ਲਈ ਦਫਤਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਸ੍ਰੀ ਕਲੇਰ ਵਲੋਂ ਇਹ ਸਾਰਾ ਮਾਮਲਾ ਮਾਣਯੋਗ ਐਸ ਡੀ ਐਮ ਦੇ ਧਿਆਨ ਵਿੱਚ ਲਿਆਂਦਾ ਗਿਆ।ਐਸ ਡੀ ਐਮ ਨੇ ਮਾਣਯੋਗ ਡਿਪਟੀ ਕਮਿਸਨਰ ਨਾਲ ਵਿਚਾਰ ਉਪਰੰਤ ਇਸ ਸਮੱਸਿਆ ਦੇ ਹੱਲ ਲਈ ਵਿਸੇਸ ਤੌਰ 'ਤੇ ਵਿਚਾਰ ਕੀਤੀ ਜਾਵੇਗੀ।ਇਸ ਮੌਕੇ ਹਾਜਰ ਸਾਬਕਾ ਚੇਅਰਮੈਨ ਸ.ਕਮਲਜੀਤ ਸਿੰਘ ਮੱਲਾ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ ਆਦਿ ਸਨ।



## ਸੋਨਾਲੀਕਾ ਨੇ ਐਗਰੋ ਸੋਲਯੂਸ਼ੰਸ ਟ੍ਰੈਕਟਰ ਅਤੇ ਇੰਪਲੀਮੇਂਟ ਰੇਂਟਲ ਐਪ' ਕੀਤਾ ਲਾਂਚ

**ਚੰਡੀਗੜ੍ਹ/ਲੋਕ ਬਾਣੀ** : ਸੋਨਾਲੀਕਾ ਟ੍ਰੈਕਟਰ ਨੇ ਟੈਕਨੋਲੋਜੀ ਅਤੇ ਡਿਜਿਟਲਕਰਨ ਦੇ ਰਾਹੀਂ ਕਿਰਸ਼ੀ ਮਸ਼ੀਨੀਕਰਨ ਨੂੰ ਵਾਧਾ ਦੇਣ ਦੀ ਅਪਣੀ ਵਚਨਬੱਧਤਾ ਨੂੰ ਦੋਹਰਾਉਂਦੇ ਹੋਏ ਅਪਣਾ 'ਸੋਨਾਲੀਕਾ ਐਗਰੋ ਸੋਲਯੂਸ਼ੰਸ ਟ੍ਰੈਕਟਰ ਅਤੇ ਇੰਪਲੀਮੇਂਟ ਐਪ' ਲਾਂਚ ਕੀਤਾ ਹੈ ਜੋ ਕਿ ਕਿਸਾਨਾਂ ਅਤੇ ਹਾਈ ਟੇਕ ਮਸ਼ੀਨਰੀ ਦੇ ਵਿਚਕਾਰ ਦੀ ਦੂਰੀ ਨੂੰ ਘੱਟ ਕਰਣ ਦੇ ਲਈ ਅਨੌਖੀ ਪਹਿਲ ਹੈ। ਫਸਲ ਦੀ ਤਿਆਰੀ ਤੋਂ ਲੈ ਕੇ ਕਟਾਈ ਤਕ ਇਹ ਐਪ ਕਿਸਾਨਾਂ ਦੀ ਮਸ਼ੀਨਰੀ ਕਿਰਾਏਦਾਰਾਂ ਦੀ ਇਕ ਵੱਡੀ ਲੜੀ ਨੂੰ ਜੋੜਦਾ ਹੈ। ਇਹ ਐਪ ਕਿਸਾਨਾਂ ਨੂੰ ਸਹੀ ਸਮੇਂ ਤੇ ਸਹੀ ਕਿਰਸ਼ੀ ਮਸ਼ੀਨਰੀ ਉਪਲੱਬਧ ਕਰਵਾ ਕੇ ਪ੍ਰਭਾਵੀ ਤਰੀਕੇ ਤੋਂ ਖੇਤੀ ਕਰਣ ਵਿਚ ਮਦਦ ਕਰਦਾ ਹੈ। ਇਹ ਐਪ ਖੇਤਰ ਦੇ ਕੁਸ਼ਲ ਆਪਰੇਟਰਾਂ ਨੂੰ ਰੋਜਗਾਰ ਦੇ ਮੌਕੇ ਲੱਭਣ ਦੇ ਲਈ ਵੀ ਮਦਦ ਕਰੇਗਾ। ਐਪ ਉਨ੍ਹਾਂ ਕਿਸਾਨਾਂ ਦੇ ਲਈ ਕਮਾਈ ਦਾ ਇਕ ਇੰਕਮ ਦਾ ਸਰੋਤ ਤਿਆਰ ਕਰੇਗਾ ਜੋ ਕਿਰਸ਼ੀ ਉਪਕਰਣਾਂ ਨੂੰ ਕਿਰਾਏ ਤੇ ਦਿੰਦੇ ਹਨ ਅਤੇ ਉਹ ਸਭ ਫ੍ਰੀਲਾਂਸਰ ਕਿਰਾਏਦਾਰ ਦੇ ਰੂਪ ਵਿਚ ਐਪ ਤੇ ਰਜਿਸਟਰ ਕਰ ਸਕਦੇ ਹਨ। ਇਸ ਮੌਕੇ ਤੇ ਸੋਨਾਲੀਕਾ ਗਰੁਪ ਦੇ ਕਾਰਜਕਾਰੀ ਨਿਦੇਸ਼ਕ ਰਮਨ ਮਿੱਤਲ ਨੇ ਦਸਿਆ ਕਿ ਸੋਨਾਲੀਕਾ ਕਿਫਾਇਤੀ ਤਰੀਕੇ ਤੋਂ ਕਿਸਾਨਾਂ ਦੇ ਲਈ ਨਵੀਆਂ ਨਵੀਆਂ ਤਕਨੀਕਾਂ ਨੂੰ ਭਾਰਤ ਵਿਚ ਲਿਆ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਲਾਂਚ ਕੀਤੇ ਗਏ ਐਪ ਕਿਰਸ਼ੀ ਮਸ਼ੀਨੀਕਰਣ ਨੂੰ ਇਕ ਕਿਫਾਇਤੀ ਤਰੀਕੇ ਤੋਂ ਵਧਾਉਣ ਦੀ ਕੰਪਨੀ ਦੀ ਪ੍ਰਤੀਬੱਧਤਾ ਦਾ ਸੁਚਕ ਹੈ।




## ਮੈਂ ਰੱਖੜੀ



ਧੀਆਂ ਭੈਣਾਂ ਦੀਆਂ ਆਸਾਂ ਦਾ ਤਿਉਹਾਰ,
ਖੁੱਸ਼ੀਆਂ ਲੈ ਕੇ ਆਈ ਹਾਂ ਮੈਂ ਰੱਖੜੀ।
ਸ਼ਗਨਾਂ ਨਾਲ ਮੱਥੇ ਟਿੱਕਾ ਲਾ ਵੀਰਾਂ ਦੇ,
ਗੁੱਟਾਂ ਤੇ ਸੱਜੀ ਹੋਈ ਹਾਂ ਮੈਂ ਰੱਖੜੀ।
ਭੈਣਾਂ ਭਰਵਾਂ ਦਾ ਵਧੇ ਸਦਾਂ ਹੀ ਪਿਆਰ,
ਮੋਹ ਚ ਭਿੱਜੀ ਹੋਈ ਆਈ ਹਾਂ ਮੈਂ ਰੱਖੜੀ।
ਇਹ ਧਾਗੇ ਦੀਆਂ ਤੰਦਾਂ ਨਹੀਂ ਅਰਮਾਨ,
ਤਕਾਰ ਦੀ ਨਿਸ਼ਾਨੀ ਹਾਂ ਮੈਂ ਰੱਖੜੀ।
ਰਾਖੀ ਸਰਹੱਦਾਂ ਦੀ ਤੇ ਵੀਰ ਜੋ ਸ਼ਹੀਦ ਹੋਏ ,
ਉਨ੍ਹਾਂ ਭੈਣਾਂ ਨੂੰ ਵੇਖ ਕੇ ਉਦਾਸ ਹਾਂ ਮੈਂ ਰੱਖੜੀ।
ਕਰੋਨਾ ਨਾਲ ਵਿਛੜੇ ਮੁੰਨੇ ਜਿਹੇ ਵੀਰ ਪਿਆਰੇ,
ਭੈਣਾਂ ਦੇ ਹੱਥਾਂ ਚ ਨਿਮੋਸ਼ੀ ਸਹਾਂ ਮੈਂ ਰੱਖੜੀ।
ਮੈਂ ਤਾਂ ਮੰਗਾਂ ਸਦਾਂ ਹੀ ਖੁੱਸ਼ੀ ਤੇ ਦੁਆਵਾਂ,
ਕਦੇ ਵੀ ਨਾ ਪਵੇ ਵਿਛੋੜਾ ਚਾਹਾਂ ਮੈਂ ਰੱਖੜੀ।
ਰਾਜੀ ਰਹਿਣ ਸਦਾਂ ਇਹ ਰਿਸ਼ਤੇ ਪਿਆਰੇ,
ਫ਼ਕੀਰਾਂ ਸੁੱਖਾਂ ਲੈ ਕੇ ਆਵਾਂ ਮੈਂ ਰੱਖੜੀ।
ਧੀਆਂ ਭੈਣਾਂ ਦੀਆਂ ਆਸਾਂ ਦਾ ਤਿਉਹਾਰ,
ਖੁੱਸ਼ੀਆਂ ਲੈ ਕੇ ਆਈ ਹਾਂ ਮੈਂ ਰੱਖੜੀ।

**ਵਿਨੋਦ ਫ਼ਕੀਰਾ,ਸਟੇਟ ਐਵਾਰਡੀ,**
ਲੇਖਕ-ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ
ਵਿਨੋਦ ਕੁਮਾਰ ਵਾਲੀ ਗਲੀ।
ਆਰੀਆ ਨਗਰ, ਕਰਤਾਰਪੁਰ,
ਜਲੰਧਰ। ਮੋ.098721 97326

# ਲੁਧਿਆਣਾ ਦੇ 50 ਏਕੜ ਤੋਂ ਵੱਧ ਖੇਤਰ 'ਚ ਕਈ ਗ੍ਰੀਨ ਬੈਲਟਾਂ ਤੇ ਲਈਅਰ ਵੈਲੀਆਂ ਸਥਾਪਤ : ਭਾਰਤ ਭੂਸ਼ਣ ਆਸ਼ੂ

**ਲੁਧਿਆਣਾ/ਲੋਕ ਬਾਣੀ**

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਅੱਜ ਕਿਹਾ ਕਿ ਹਰੇ ਵਾਤਾਵਰਣ ਨੂੰ ਵਧਾਉਣ ਅਤੇ ਸਾਡੇ ਵਾਤਾਵਰਣ ਨੂੰ ਬਚਾਉਣ ਵਿੱਚ ਯੋਗਦਾਨ ਪਾਉਣ ਲਈ, ਇਕੱਲੇ ਲੁਧਿਆਣਾ ਸ਼ਹਿਰ ਵਿੱਚ 50 ਏਕੜ ਤੋਂ ਵੱਧ ਖੇਤਰ ਵਿੱਚ ਕਈ ਨਵੀਆਂ ਗ੍ਰੀਨ ਬੈਲਟਾਂ ਅਤੇ ਲਈਅਰ ਵੈਲੀਆਂ ਵਿਕਸਤ ਕੀਤੀਆਂ ਜਾ ਚੁੱਕੀਆਂ ਹਨ, ਜਦੋਂ ਕਿ ਹੋਰ ਬਹੁਤ ਸਾਰੇ ਨਿਰਮਾਣ ਅਧੀਨ ਹਨ ਜਾਂ ਪਾਈਪਲਾਈਨ ਵਿੱਚ ਹਨ।ਸਮਾਰਟ ਸਿਟੀ, ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਨਗਰ ਸੁਧਾਰ ਟਰੱਸਟ ਲੁਧਿਆਣਾ ਅਧੀਨ ਲੁਧਿਆਣਾ ਦੇ ਵੱਖ -ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਏ, ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸਾਰੇ ਚੱਲ ਰਹੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਅਤੇ ਦੁਹਰਾਇਆ ਕਿ ਜਦੋਂ ਗੁਣਵੱਤਾ ਦੇ ਮਿਆਰ ਦੀ ਗੱਲ ਆਉਂਦੀ ਹੈ ਤਾਂ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ।

ਸਮੀਖਿਆ ਮੀਟਿੰਗ ਅੱਜ ਸਥਾਨਕ ਨਗਰ ਨਿਗਮ ਜ਼ੋਨ-ਡੀ ਦਫਤਰ ਵਿਖੇ ਹੋਈ ਅਤੇ ਇਸ ਵਿੱਚ ਮੇਅਰ ਸ੍ਰੀ ਬਲਕਾਰ ਸਿੰਘ ਸੰਧੂ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ੍ਰੀ ਰਮਨ ਬਾਲਾਸੁਬਰਾਮਣੀਅਮ, ਨਿਗਮ ਕੌਂਸਲਰ ਸ੍ਰੀਮਤੀ ਮਮਤਾ ਆਸ਼ੂ, ਨਿਗਮ ਕਮਿਸ਼ਨਰ ਸ੍ਰੀ ਪ੍ਰਦੀਪ ਕੁਮਾਰ ਸੱਭਰਵਾਲ ਤੋਂ ਇਲਾਵਾ ਕਈ ਅਧਿਕਾਰੀ ਸ਼ਾਮਲ ਹੋਏ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਹਰਿਆਲੀ ਵਧਾਉਣ ਲਈ ਸਮਰਪਿਤ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਲੁਧਿਆਣਾ ਨੂੰ ਹਰਿਆ -ਭਰਿਆ ਬਣਾਉਣ ਲਈ ਸ਼ਹਿਰ ਵਿੱਚ ਖਾਲੀ ਪਈਆਂ ਜ਼ਮੀਨਾਂ 'ਤੇ ਵੱਡੇ ਪੱਧਰ ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਈ

**■ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼, ਗੁਣਵੱਤਾ ਦੇ ਮਿਆਰ 'ਚ ਸਮਝੌਤਾ ਨਾ ਕਰਦਿਆਂ ਸਾਰੇ ਪ੍ਰੋਜੈਕਟ ਤੈਅ ਸਮੇਂ 'ਚ ਕੀਤੇ ਜਾਣ ਮੁਕੰਮਲ**

ਜਾਵੇ।

ਉਨ੍ਹਾਂ ਕਿਹਾ ਕਿ ਸਿੱਧਵਾਂ ਕਨਾਲ ਵਾਟਰਫਰੰਟ ਪ੍ਰੋਜੈਕਟ ਵਿੱਚ ਇੱਕ ਗ੍ਰੀਨ ਬੈਲਟ ਵਿਕਸਤ ਕੀਤੀ ਗਈ ਹੈ, ਭਾਈ ਰਣਧੀਰ ਸਿੰਘ ਨਗਰ ਵਿੱਚ ਡੀ.ਏ.ਵੀ. ਪਬਲਿਕ ਸਕੂਲ ਦੇ ਸਾਹਮਣੇ ਇੱਕ ਲਈਅਰ ਵੈਲੀ ਵਿਕਸਤ ਕੀਤੀ ਗਈ ਹੈ ਅਤੇ ਇਸ ਖੇਤਰ ਵਿੱਚ ਕਈ ਹੋਰ ਗ੍ਰੀਨ ਬੈਲਟਾਂ ਅਤੇ ਪਾਰਕ ਵੀ ਵਿਕਸਤ ਕੀਤੇ ਹਨ, 6 ਏਕੜ ਜ਼ਮੀਨ ਤੇ ਇੱਕ ਲਈਅਰ ਵੈਲੀ ਹੈਬੋਵਾਲ, ਲੁਧਿਆਣਾ (ਪੂਰਬੀ) ਵਿੱਚ ਨਿਰਮਾਣ ਅਧੀਨ ਹੈ, ਪੁਰਾਣੇ ਜੀ.ਟੀ. ਰੋਡ ਦੇ ਦੋਵੇਂ ਪਾਸੇ ਗ੍ਰੀਨ ਬੈਲਟਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ ਜੋ ਕਿ ਸ਼ੇਰਪੁਰ ਚੌਕ ਤੋਂ ਜਲੰਧਰ ਬਾਈਪਾਸ ਚੌਕ ਤੱਕ ਹੈ।

ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਅਧਿਕਾਰੀਆਂ ਨੂੰ ਸਾਰੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਨਿਜੀ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਮੌਜੂਦਾ ਸੀਵਰ ਲਾਈਨਾਂ ਦੀ ਸਹੀ ਮੈਪਿੰਗ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਾਇਮ ਰੱਖਿਆ ਜਾ ਸਕੇ।ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਸਰਬੋਤਮ ਉਪਯੋਗਤਾ ਲਈ, ਸਾਰੇ ਨਿਗਮ ਵਾਹਨਾਂ 'ਤੇ ਜੀ.ਪੀ.ਐਸ. ਉਪਕਰਣ ਫਿੱਟ ਕੀਤੇ ਜਾਣੇ ਚਾਹੀਦੇ ਹਨ।ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਗੁਰੂ ਨਾਨਕ ਸਟੇਡੀਅਮ ਵਿੱਚ ਨਵੇਂ ਅਥਲੈਟਿਕਸ ਟ੍ਰੈਕ, ਸਾਰੇ ਮੌਜੂਦਾ ਖੇਡ ਸੁਵਿਧਾਵਾਂ ਸਮੇਤ ਵਿਕਾਸ ਪ੍ਰੋਜੈਕਟਾਂ ਦੇ ਕਾਰਜਾਂ ਵਿੱਚ ਤੇਜ਼ੀ ਲਿਆਉਣ।



# ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਿਲਣਗੇ ਮਾਲਕਾਨਾ ਹੱਕ

## ਨਜ਼ੂਲ ਜ਼ਮੀਨਾਂ ਦੀ ਮੰਗ ਦਾ ਰੇੜਕਾ ਜਾਰੀ

**ਭਵਾਨੀਗੜ੍ਹ/ਲੋਕ ਬਾਣੀ**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾਈ ਆਗੂਆਂ ਦੀ ਮੀਟਿੰਗ ਅੱਜ ਕੈਬਨਿਟ ਮੰਤਰੀ ਸ਼੍ਰੀ ਬ੍ਰਹਮ ਮਹਿੰਦਰਾ ਨਾਲ ਉਨ੍ਹਾਂ ਦੇ ਨਿਵਾਸ ਸਥਾਨ ਚੰਡੀਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਪ੍ਰਮੁੱਖ ਸਕੱਤਰ ਸੀਮਾ ਜੈਨ, ਡਾਇਰੈਕਟਰ ਮਨਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਜੋਗਿੰਦਰ ਕੁਮਾਰ, ਡਿਪਟੀ ਕਮਿਸਨਰ ਪਟਿਆਲਾ ਕੁਮਾਰ ਅਮਿਤ, ਐੱਸ.ਐੱਸ.ਪੀ ਪਟਿਆਲਾ ਸੰਦੀਪ ਕੁਮਾਰ ਗਰਗ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਜੋਨਲ ਪ੍ਰਧਾਨ ਮੁਕੇਸ ਮਲੌਦ, ਪਰਮਜੀਤ ਕੌਰ ਲੌਂਗੋਵਾਲ, ਗੁਰਵਿੰਦਰ ਸਿੰਘ ਬੌੜਾਂ, ਜਸਵੰਤ ਖੇੜੀ ਅਤੇ ਗੁਰਮੁਖ ਸਿੰਘ ਸਾਮਲ ਸਨ। ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ ਉਪਰ ਚਰਚਾ ਦੌਰਾਨ ਇਹ ਫੈਸਲਾ ਹੋਇਆ ਕਿ ਲਾਲ ਲਕੀਰ ਅੰਦਰ ਆਉਂਦੇ

**■ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੀ ਕੈਬਨਿਟ ਮੰਤਰੀ ਸ਼੍ਰੀ ਬ੍ਰਹਮ ਮਹਿੰਦਰਾ ਨਾਲ ਹੋਈ ਮੀਟਿੰਗ**

ਮਕਾਨਾਂ ਦੇ ਮਾਲਕੀ ਹੱਕਾਂ ਲਈ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਪੱਤਰ ਜਾਰੀ ਕਰਕੇ ਡਰੋਨ ਰਾਹੀਂ ਜਲਦ ਨਕਸ਼ੇ ਬਣਾ ਕੇ ਉਨ੍ਹਾਂ ਨੂੰ ਮਾਲਕੀ ਹੱਕ ਦਿੱਤਾ ਜਾਵੇਗਾ। ਜਿਸ ਸੰਬੰਧੀ ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਲਈ ਬਿਨੈ ਪੱਤਰ ਡਿਪਟੀ ਕਮਿਸਨਰ ਦਫਤਰਾਂ ਵਿੱਚ ਦਿੱਤੇ ਜਾਣਗੇ। ਨਜ਼ੂਲ ਜ਼ਮੀਨਾਂ ਦੇ ਮਾਲਕੀ ਹੱਕ ਸਬੰਧੀ ਜਾਰੀ ਨੋਟੀਫਿਕੇਸ਼ਨ ਉੱਪਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇਸ ਫੈਸਲੇ ਮੁਤਾਬਕ ਦਲਿਤਾਂ ਦੇ ਹਿੱਸੇ ਦੀਆਂ ਨਜ਼ੂਲ ਜ਼ਮੀਨਾਂ ਗ਼ੈਰ ਦਲਿਤ ਅਤੇ ਪੇਂਡੂ ਧਨਾਢਾਂ ਦਾ ਨਾਜਾਇਜ ਕਬਜਾ ਹੋਣ ਕਾਰਨ ਉਨ੍ਹਾਂ ਦੇ ਕਬਜੇ ਵਿੱਚ ਚਲੀਆਂ ਜਾਣਗੀਆਂ ।ਉਨ੍ਹਾਂ ਕਿਹਾ ਕਿ ਇਨ੍ਹਾਂ ਜ਼ਮੀਨਾਂ ਦੇ ਪੈਸੇ ਸੁਸਾਇਟੀ ਦੇ ਮੈਂਬਰਾਂ ਵੱਲੋਂ ਪਹਿਲਾਂ ਹੀ ਸਰਕਾਰ ਨੂੰ ਅਦਾ ਕਰ ਦਿੱਤੇ ਗਏ ਹਨ। ਜਦਕਿ ਸਰਕਾਰ ਵੱਲੋਂ ਹੁਣ ਫਿਰ ਤੀਹ ਪਰਸੈਂਟ ਡੀਸੀ ਰੇਟ ਦੇ ਮੁਤਾਬਕ ਪੈਸੇ ਭਰਨ ਦੀ ਤਜਵੀਜ਼ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ, ਜਿਸ ਉੱਪਰ ਮੁੜ ਵਿਚਾਰ ਕਰਕੇ ਨਜ਼ੂਲ ਜਮੀਨਾਂ ਦੇ ਮਾਲਕਾਨਾ ਹੱਕ ਮੈਂਬਰਾਂ ਨੂੰ ਦੇਣ ਦਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਵਿਸ਼ਵਾਸ ਦਿਵਾਇਆ ਗਿਆ। ਪੰਚਾਇਤੀ ਜ਼ਮੀਨ ਵਿੱਚੋਂ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੇ ਪੱਕੇ ਹੱਲ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਵੱਲੋਂ ਜਥੇਬੰਦੀ ਦੇ ਆਗੂਆਂ ਤੋਂ ਲਿਖਤੀ ਸੁਝਾਅ ਲਏ ਗਏ ਅਤੇ ਤਿੰਨ ਦਿਨਾਂ ਬਾਅਦ ਮੁੜ ਮੀਟਿੰਗ ਬੁਲਾਈ ਗਈ ਹੈ।ਕੈਬਨਿਟ ਮੰਤਰੀ ਵੱਲੋਂ ਪੰਜ ਪੰਜ-ਪੰਜ ਮਰਲੇ ਦੇ ਪਲਾਟਾਂ ਦੀ ਮੰਗ ਉੱਪਰ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਇਸ ਸਬੰਧੀ ਹਦਾਇਤਾਂ ਪੰਚਾਇਤੀ ਨੂੰ ਜਾਰੀ ਹਨ, ਜਿਨ੍ਹਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਖਤੀ ਨਾਲ ਲਾਗੂ ਕਰਵਾਇਆ ਜਾਵੇਗਾ। ਇਸ ਮੌਕੇ ਜ਼ਮੀਨ ਪ੍ਰਾਪਤੀ ਦੇ ਸੰਘਰਸ਼ ਦਰਮਿਆਨ ਆਗੂਆਂ ਉੱਪਰ ਦਰਜ ਹੋਏ ਦਰਜਨਾਂ ਪਰਚਿਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਰੱਦ ਕਰਨ ਲਈ ਐੱਸਐੱਸਪੀ ਪਟਿਆਲਾ ਵੀ ਵਿਸ਼ੇਸ਼ ਤੌਰ ਤੇ ਡਿਊਟੀ ਲਗਾਈ ਗਈ। ਕਰਜੇ ਦੇ ਮੰਗ ਉੱਪਰ ਉਨ੍ਹਾਂ ਵੱਲੋਂ ਕੋਈ ਢੁੱਕਵਾਂ ਜਵਾਬ ਨਹੀਂ ਦਿੱਤਾ ਗਿਆ। ਜਥੇਬੰਦੀ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਅਤੇ ਰਹਿੰਦੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿਚ ਵੱਡੇ ਸੰਘਰਸ਼ ਦੀ ਲਾਮਬੰਦੀ ਕੀਤੀ ਜਾਵੇਗੀ।

# ਰੀਅਲਮੀ ਨੇ ਭਾਰਤ ਵਿਚ ਆਪਣੀ ਉਡੀਕੀ ਜਾ ਰਹੀ ਰੀਅਲਮੀ ਜੀਟੀ 5ਜੀ ਸੀਰੀਜ ਅਤੇ ਆਪਣਾ ਪਹਿਲਾ ਲੈਪਟਾਪ, ਰੀਅਲਮੀ ਬੁੱਕ (ਸਲਿੱਮ) ਲਾਂਚ ਕੀਤਾ

**ਚੰਡੀਗੜ/ਲੋਕ ਬਾਣੀ :** 5ਜੀ ਇਲੇਬਲਡ ਸਮਾਰਟਫੋਨ ਲਾਂਚ ਕਰਨ ਵਾਲੇ ਭਾਰਤ ਦੇ ਪਹਿਲੇ ਬ੍ਰਾਂਡ ਅਤੇ ਸਭ ਤੋਂ ਤੇਜੀ ਨਾਲ ਵਿਕਸਿਤ ਹੁੰਦੇ ਹੋਏ ਟੈਕਨੋਲਾਜੀ ਬ੍ਰਾਂਡ, ਰੀਅਲਮੀ ਨੇ ਅੱਜ ਆਪਣੀ ਫਲੈਗਸਪਿ ਕਿਲਰ ਸੀਰੀਜ, ਰੀਅਲਮੀ ਜੀਟੀ 5ਜੀ ਸੀਰੀਜ ਪੇਸ ਕੀਤੀ, ਜਿਸ ਵਿਚ ਦੋ ਅਦਭੁਤ 5ਜੀ ਸਮਾਰਟਫੋਨ, ਰੀਅਲਮੀ ਜੀਟੀ 5ਜੀ ਅਤੇ ਰੀਅਲਮੀ ਜੀਟੀ ਮਾਸਟਰ ਐਡਿਸਨ 5ਜੀ ਸਾਮਲ ਹਨ .ਕੰਪਨੀ ਨੇ ਆਪਣਾ ਪਹਿਲਾ ਲੈਪਟਾਪ, ਰੀਅਲਮੀ ਬੁੱਕ (ਸਲਿੱਮ) ਵੀ ਲਾਂਚ ਕੀਤਾ।



ਲਾਂਚ ਦੇ ਮੌਕੇ ਤੇ ਸ੍ਰੀ ਮਾਧਵ ਸੇਠ, ਵਾਈਸ ਪ੍ਰੈਜੀਡੈਂਟ, ਰੀਅਲਮੀ ਅਤੇ ਚੀਫ ਐਗਜੀਕਿਊਟਿਵ ਅਫਸਰ, ਰੀਅਲਮੀ ਇੰਡੀਆ ਅਤੇ ਯੂਰਪ ਨੇ ਕਿਹਾ, '5ਜੀ ਲੀਡਰ ਅਤੇ ਦੁਨੀਆਂ ਦੇ ਸਭ ਤੋਂ ਤੇਜੀ ਨਾਲ ਵਿਕਸਿਤ ਹੁੰਦੇ ਹੋਏ ਸਮਾਰਟਫੋਨ ਬ੍ਰਾਂਡ ਦੇ ਰੂਪ ਵਿਚ ਰੀਅਲਮੀ ਨੇ ਹਮੇਸਾ ਹੀ ਯਕੀਨ ਰੱਖਿਆ ਹੈ ਕਿ ਸਾਡੇ ਯੂਜਰਸ ਨੂੰ 5ਜੀ ਦਾ ਬਿਹਤਰੀਨ ਅਨੁਭਵ ਮਿਲਣਾ ਚਾਹੀਦਾ ਹੈ ਅਤੇ ਇਹ ਸਾਡਾ ਮਿਸਨ ਹੈ ਕਿ ਅਸੀਂ ਸਮਾਰਟਫੋਨ ਦੀਆਂ ਬਿਹਤਰੀਨ ਖਾਸੀਅਤਾਂ ਦੇ ਨਾਲ ਉਪਭੋਗਤਾਵਾਂ ਨੂੰ 5ਜੀ ਦੇ ਭਵਿੱਖ ਲਈ ਤਿਆਰ ਕਰੀਏ . ਰੀਅਲਮੀ ਜੀਟੀ 5ਜੀ ਇਸ ਦਿਸਾ ਵਿਚ ਅਲਗਾ ਕਦਮ ਹੈ, ਜਿਸਦੇ ਨਾਲ ਅਸੀਂ ਦੋ ਅਦਭੁਤ 5ਜੀ ਸਮਾਰਟਫੋਨ ਰੀਅਲਮੀ ਜੀਟੀ 5ਜੀ ਅਤੇ ਰੀਅਲਮੀ ਜੀਟੀ ਮਾਸਟ ਐਡਿਸਨ 5ਜੀ ਪੇਸ ਕਰ ਰਹੇ ਹਾਂ . ਅਸੀਂ 2021 ਵਿਚ ਵੱਡੇ ਅਤੇ ਸਾਹਸੀ ਸੁਪਨਿਆਂ ਦੇ ਨਾਲ ਇੰਟਰੀ ਕੀਤੀ ਹੈ ਅਤੇ ਰੀਅਲਮੀ ਜੀਟੀ 5ਜੀ ਵਿਚ ਗਤੀ, ਡਿਜਾਇਨ ਅਤੇ ਪ੍ਰੋਡਕਟ ਵੈਲਿਊ ਦੇ ਨਜਰੀਏ ਨਾਲ ਟੈਕਨੋਲਾਜੀਕਲ ਵਿਕਾਸ ਵਿਚ ਸਭ ਤੋਂ ਅੱਗੇ ਰਹਿਣ ਦਾ ਸਾਡਾ ਵਿਚਾਰ ਸਾਮਲ ਹੈ . ਅਸੀਂ ਇੰਟਰੀ ਅਤੇ ਮਿਡਰੇਂਜ ਸੈਗਮੈਂਟ ਵਿਚ ਹਲਚਲ ਮਚਾ ਦਿੱਤੀ ਹੈ ਅਤੇ ਹੁਣ, ਆਪਣੀ ਅਲਟੀਮੇਟ ਫਲੈਗਸਪਿ ਕਿਲਰ ਰੀਅਲਮੀ ਜੀਟੀ 5ਜੀ ਸੀਰੀਜ ਦੇ ਨਾਲ ਅਸੀਂ ਬਿਹਤਰੀਨ ਟੈਕਨੋਲਾਜੀ ਅਤੇ ਇਨੋਵੇਸਨ ਤੇ ਅਧਾਰਿਤ ਪੇਸਕਸਾਂ ਦੇ ਨਾਲ ਪ੍ਰੀਮੀਅਮ ਸੈਗਮੈਂਟ ਵਿਚ ਹਲਚਲ ਮਚਾ ਦੇਵਾਂਗੇ।




ਸ੍ਰੀ ਮਾਧਵ ਸੇਠ ਨੇ ਕਿਹਾ, 'ਨਾਲ ਹੀ, ਅਸੀਂ ਆਪਣੀ 1+5+ਟੀ ਰਣਨੀਤੀ ਦਾ ਸਭ ਤੋਂ ਪਹਿਲਾ ਹਿੱਸਾ, ਮਤਲਬ ਆਪਣਾ ਪਹਿਲਾ ਲੈਪਟਾਪ ਰੀਅਲਮੀ ਬੁੱਕ (ਸਲਿੱਮ) ਪੇਸ ਕਰਕੇ ਬਹੁਤ ਉਤਸਾਹਿਤ ਹਾਂ . ਲੈਪਟਾਪ ਸਾਡੇ ਕੰਮ ਅਤੇ ਰਚਨਾਤਮਕਤ ਦੇ ਬਿਹਤਰੀਨ ਸਾਥੀ ਹਨ . ਰੀਅਲਮੀ ਬੁੱਕ (ਸਲਿੱਮ) ਦੇ ਨਾਲ ਅਸੀਂ ਇਸ ਕੀਮਤ ਵਰਗ ਵਿਚ ਆਪਣੇ ਫੈਨਸ ਨੂੰ ਬਿਹਤਰੀਨ ਡਿਸਪਲੇ, ਡਿਜਾਇਨ ਅਤੇ ਬਿਹਤਰ ਟੈਕਨੋਲਾਜੀ ਪ੍ਰਦਾਨ ਕਰਨਾ ਚਾਹੁੰਦੇ ਹਾਂ . ਰੀਅਲਮੀ ਦਾ ਮਕਸਦ ਭਾਰਤ ਦਾ ਨੰਬਰ 1 ਆਨਲਾਈਨ ਲੈਪਟਾਪ ਬ੍ਰਾਂਡ ਬਣਨਾ ਹੈ ਅਤੇ ਰੀਅਲਮੀ ਬੁੱਕ (ਸਲਿੱਮ) ਇਸ ਦਿਸਾ ਵਿਚ ਸਾਡਾ ਪਹਿਲਾ ਵੱਡਾ ਕਦਮ ਹੈ।

ਪ੍ਰਦਾਨ ਕਰਦਾ ਹੈ . ਰੀਅਲਮੀ ਜੀਟੀ 5ਜੀ ਵਿਚ ਉਦਯੋਗ ਵਿਚ 7ਜੀਬੀ ਐਕਸਪੈਂਡੇਬਲ ਰੈਮ ਦੇ ਨਾਲ ਸਭ ਤੋਂ ਵਿਸਾਲ ਡਾਈਨਮਿਕ ਰੈਮ ਐਕਸਪੈਂਸਨ ਟੈਕਨੋਲਾਜੀ ਹੈ, ਜਿਹੜੀ ਯੂਜਰਸ ਨੂੰ 19ਜੀਬੀ ਤੱਕ ਦਾ ਅਨੁਭਵ ਲੈਣ ਵਿਚ ਸਮਰੱਥ ਬਣਾਉਂਦੀ ਹੈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111